Rs.10/-

Excellence in Agri Info

ਭਾਰਤ ਦਾ ਇੱਕੋ-ਇੱਕ ਪੰਜਾਬੀ ਖੇਤੀਬਾੜੀ ਅਖ਼ਬਾਰ (ਨਿਊਜ਼-ਪੇਪਰ)

# ਖੇਤੀ ਦੁਨੀਆਂ

KHETI DUNIYAN, PATIALA

All Subject to Patiala Jurisdiction.

www.khetiduniyan.in

Editor : Jagpreet Singh • RNI/PUNPUN00806 • Issue Dated 21-09-2024 • Vol.42 No.38 • Ph. : 0175-2214575, 90410-14575 • Page : 16

E-mail : khetiduniyan1983@gmail.com





50 Years of Cultivating Prosperity

**KRISHI RASAYAN EXPORTS PVT. LTD.**
1115, Hemkunt Tower, 98, Nehru Place, New Delhi - 110019 (INDIA)
Ph.: 0091-11-40885555 Fax: 0091-11-40885550 | Website: www.krepl.in

# ਕਿਸਾਨ ਵੀਰੋ ! ਝੋਨੇ/ਬਾਸਮਤੀ ਦਾ ਮਿਆਰੀ ਬੀਜ ਖੁਦ ਤਿਆਰ ਕਰੋ

ਅਕਸਰ ਕਿਸਾਨ ਵੀਰ ਝੋਨੇ/ਬਾਸਮਤੀ ਦਾ ਬੀਜ ਬਜ਼ਾਰ ਵਿਚੋਂ ਖਰੀਦਦੇ ਹਨ ਅਤੇ ਕਈ ਵਾਰ ਅਜਿਹੇ ਬੀਜ ਦੀ ਕੁਆਲਟੀ ਮਾੜੀ ਹੋਣ ਕਾਰਨ ਫਸਲ ਦਾ ਝਾੜ ਘੱਟ ਜਾਂਦਾ ਹੈ । ਇਸ ਲਈ ਜ਼ਰੂਰੀ ਹੈ ਕਿ ਕਿਸਾਨ ਵੀਰ ਆਪਣਾ ਘਰ ਦਾ ਮਿਆਰੀ ਬੀਜ ਪੈਦਾ ਕਰਨ ਤਾਂ ਜੋ ਬਜ਼ਾਰੂ ਲੁੱਟ-ਖਸੁੱਟ ਤੋਂ ਬਚਿਆ ਜਾ ਸਕੇ । ਘਰੇਲੂ ਪੱਧਰ ਤੇ ਝੋਨੇ ਅਤੇ ਬਾਸਮਤੀ ਦੇ ਬੀਜ ਉਤਪਾਦਨ ਲਈ ਹੇਠ ਲਿਖੇ ਨੁਕਤੇ ਅਪਨਾਉਣੇ ਚਾਹੀਦੇ ਹਨ :

★ ਬੀਜ ਤਿਆਰ ਕਰਨ ਲਈ ਅਜਿਹੇ ਖੇਤ ਦੀ ਚੋਣ ਕਰੋ ਜਿਸ ਦਾ ਬੀਜ ਕਿਸੇ ਭਰੋਸੇਯੋਗ ਸੰਸਥਾ ਤੋਂ ਖਰੀਦਿਆ ਹੋਵੇ ।

★ ਫਸਲ ਨੂੰ ਸਿਫਾਰਿਸ਼ ਮਾਤਰਾ ਅਨੁਸਾਰ ਖਾਦ ਪਾਓ । ਵੱਧ ਜਾਂ ਲੇਟ ਖਾਦ ਪਾਉਣ ਨਾਲ ਫਸਲ ਵਿਚ ਬਿਮਾਰੀ ਅਤੇ ਕੀੜਿਆਂ ਦਾ ਹਮਲਾ ਵਧੇਰੇ ਹੁੰਦਾ ਹੈ, ਜਿਸ ਕਾਰਨ ਮਿਆਰੀ ਬੀਜ ਤਿਆਰ ਨਹੀਂ ਹੁੰਦਾ ।

★ ਨਦੀਨਾਂ ਦੀ ਸਮੇਂ ਸਿਰ ਰੋਕਥਾਮ ਕਰੋ ਅਤੇ ਜੇਕਰ ਨਦੀਨਨਾਸ਼ਕ ਵਰਤਣ ਤੋਂ ਬਾਅਦ ਵੀ ਕੁਝ ਨਦੀਨ ਬਚ ਜਾਣ ਤਾਂ ਇਹਨਾਂ ਨੂੰ ਪੁੱਟ ਕੇ ਬਾਹਰ ਕੱਢ ਦਿਓ ਤਾਂ ਜੋ ਨਦੀਨਾਂ ਦਾ ਬੀਜ ਨਾ ਬਣੇ ।

★ ਝੋਨਾ/ਬਾਸਮਤੀ ਨਿਸਰਨ ਤੋਂ ਪਹਿਲਾਂ ਜੇਕਰ ਕਿਸੇ ਹੋਰ ਕਿਸਮ ਦੇ ਬੂਟੇ, ਜੋ ਕਿ ਰੰਗ ਵਿਚ ਵੱਖਰੇ, ਕੱਦ ਵਿਚ ਮਧਰੇ ਜਾਂ ਉੱਚੇ ਹੋਣ ਜ਼ਰੂਰ ਕੱਢ ਦੇਣੇ ਚਾਹੀਦੇ ਹਨ ।

★ ਫਸਲ ਨਿਸਰਨ ਸਮੇਂ ਜੋ ਬੂਟੇ ਬਹੁਤ ਅਗੇਤੇ ਜਾਂ ਪਿਛੇਤੇ ਨਿਸਰਣ, ਉਨ੍ਹਾਂ ਨੂੰ ਪੁੱਟ ਦਿਓ । ਜੇਕਰ ਮੁੰਜਰਾਂ ਦੇ ਰੰਗ ਵਿਚ ਵਖਰੇਵਾਂ ਨਜ਼ਰ ਆਵੇ ਤਾਂ ਅਜਿਹੇ ਬੂਟੇ ਵੀ ਜ਼ਰੂਰ ਪੁੱਟ ਦੇਣੇ ਚਾਹੀਦੇ ਹਨ ।

★ ਬਾਸਮਤੀ ਵਿਚ ਝੰਡਾ ਰੋਗ ਦੀ ਰੋਕਥਾਮ ਲਈ ਬੀਜ ਵਾਲੀ ਫਸਲ ਵਿਚੋਂ ਝੰਡਾ ਰੋਗ ਦੇ ਹਮਲੇ ਵਾਲੇ ਬੂਟੇ ਲੰਬੇ ਹੋ ਕੇ ਸੁੱਕ ਜਾਂਦੇ ਹਨ, ਨਿਸਾਰਾ ਆਉਣ ਤੋਂ ਪਹਿਲਾਂ ਜ਼ਰੂਰ ਪੁੱਟ ਦਿਓ । ਇਸ ਗੱਲ ਦਾ ਖਾਸ ਧਿਆਨ ਰੱਖੋ ਕਿ ਰੋਗੀ ਬੂਟੇ ਸੁੱਕਣ ਤੋਂ ਪਹਿਲਾਂ ਪਹਿਲਾਂ ਪੁੱਟ ਕੇ ਮਿੱਟੀ ਵਿਚ ਦਬਾ ਦਿਓ ।

★ ਜਿਹਨਾਂ ਖੇਤਾਂ ਵਿਚ ਇਸ ਬਿਮਾਰੀ ਦਾ ਹਮਲਾ ਵਧੇਰੇ ਹੋਵੇ, ਉਸ ਖੇਤ ਵਿਚੋਂ ਬੀਜ ਨਾ ਰੱਖੋ ।

★ ਜਦੋਂ ਝੋਨਾ/ਬਾਸਮਤੀ ਗੋਭ ਦੀ ਅਵਸਥਾ ਵਿਚ ਹੋਵੇ ਤਾਂ ਇਕ ਛਿੜਕਾਅ ਸਿਫਾਰਿਸ਼ ਉੱਲੀਨਾਸ਼ਕ ਦਾ ਕਰੋ ਤਾਂ ਜੋ ਰੋਗ ਰਹਿਤ ਨਰੋਆ ਬੀਜ ਪੈਦਾ ਕੀਤਾ ਜਾ ਸਕੇ ।

★ ਕੀੜੇ-ਮਕੌੜਿਆਂ ਦੇ ਹਮਲੇ ਦਾ ਲਗਾਤਾਰ ਸਰਵੇਖਣ ਕਰੋ ਅਤੇ ਲੋੜ ਮੁਤਾਬਿਕ ਸਿਫਾਰਿਸ਼ ਕੀਟ-ਨਾਸ਼ਕ ਵਰਤੋ । ਮੁੱਢਾਂ ਦੇ ਟਿੱਡਿਆਂ ਦੇ ਹਮਲੇ ਕਾਰਨ ਬੂਟੇ ਕਮਜ਼ੋਰ ਹੋ ਜਾਂਦੇ ਹਨ ਅਤੇ ਦਾਣਿਆਂ ਦਾ ਵਜ਼ਨ ਘੱਟ ਜਾਂਦਾ ਹੈ । ਇਸ ਕੀੜੇ ਦੇ ਹਮਲੇ ਪ੍ਰਤੀ ਸੁਚੇਤ ਰਹਿਣਾ ਚਾਹੀਦਾ ਹੈ ।



★ ਬੀਜ ਵਾਲੀ ਫਸਲ ਪੱਕਣ ਉਪਰੰਤ, ਹੱਥ ਨਾਲ ਕਟਾਈ ਕਰੋ ਅਤੇ ਬੀਜ ਨੂੰ ਝਾੜ ਲਵੋ ।

★ ਬੀਜ ਨੂੰ ਚੰਗੀ ਤਰ੍ਹਾਂ ਧੁੱਪ ਲਗਵਾ ਕੇ ਸੁਕਾਉਣ ਉਪਰੰਤ, ਜੂਟ ਦੀ ਬੋਰੀ ਵਿਚ ਪਾ ਕੇ ਸੰਭਾਲ ਲੈਣਾ ਚਾਹੀਦਾ ਹੈ ਤਾਂ ਜੋ ਬੀਜ ਨੂੰ ਹਵਾ ਲੱਗਦੀ ਰਹੇ ।

ਕਿਸਾਨ ਵੀਰੋ ! ਅਪਣਾ ਘਰ ਦਾ ਬੀਜ ਤਿਆਰ ਕਰੋ ਅਤੇ ਖੇਤੀ ਲਾਗਤ ਘਟਾਓ ।

**ਗੁਰਮੇਲ ਸਿੰਘ ਸੰਧੂ ਅਤੇ ਬਲਕਰਨ ਸਿੰਘ ਸੰਧੂ, ਕ੍ਰਿਸ਼ੀ ਵਿਗਿਆਨ ਕੇਂਦਰ, ਫਿਰੋਜ਼ਪੁਰ**
ਮੋ. 81462-60400

# ਬਾਸਮਤੀ ਦੀ ਬਰਾਮਦ 'ਚ ਵਾਧੇ ਦੇ ਨੁਕਤੇ

**ਡਾ. ਜਸਵੰਤ ਸਿੰਘ,
ਡਾਇਰੈਕਟਰ, ਖੇਤੀਬਾੜੀ ਤੇ
ਕਿਸਾਨ ਭਲਾਈ ਵਿਭਾਗ, ਪੰਜਾਬ ।**

ਬਾਸਮਤੀ, ਪੰਜਾਬ ਵਿਚ ਉਗਾਈ ਜਾਣ ਵਾਲੀ ਝੋਨੇ ਦੀ ਇਕ ਖਾਸ ਕਿਸਮ ਹੈ ਜੋ ਆਪਣੇ ਗੁਣਾਂ ਜਿਵੇਂ ਖੁਸ਼ਬੂ, ਪੱਕਣ ਤੋਂ ਬਾਅਦ ਲੰਬੇ ਪਤਲੇ ਚਾਵਲ, ਮੁਲਾਇਮ ਅਤੇ ਵਧੀਆ ਸੁਆਦ ਲਈ ਪਹਿਚਾਣੀ ਜਾਂਦੀ ਹੈ । ਬਾਸਮਤੀ ਸਭ ਤੋਂ ਵੱਧ ਬਰਾਮਦ ਹੋਣ ਵਾਲੀ ਖੇਤੀ ਜਿਣਸ ਹੈ, ਜਿਸ ਦਾ ਨਿਰਯਾਤ 2005-06 ਦੌਰਾਨ 11.66 ਲੱਖ ਟਨ ਸੀ ਜੋ ਸਾਲ 2023-24 ਦੌਰਾਨ ਤਕਰੀਬਨ 52 ਲੱਖ ਟਨ ਤੱਕ ਪਹੁੰਚ ਚੁੱਕਿਆ ਹੈ ਜਿਸ ਦੀ ਕੁੱਲ ਕੀਮਤ 48389.18/- ਕਰੋੜ ਬਣਦੀ ਹੈ । ਬਾਸਮਤੀ ਦੀ ਲਵਾਈ ਤੋਂ ਮੌਨਸੂਨ



ਦੀ ਵਰਖਾ ਦੇ ਸ਼ੁਰੂ ਹੋਣ ਤੇ ਸ਼ੁਰੂ ਹੋਣ ਕਾਰਨ ਜ਼ਮੀਨ ਹੇਠਲੇ ਪਾਣੀ ਦੀ ਖਪਤ ਘਟਦੀ ਹੈ । ਬਾਸਮਤੀ ਦੀ ਫਸਲ ਨੂੰ ਮੁੱਖ ਤੌਰ 'ਤੇ ਤਣਾ ਛੇਦਕ ਸੁੰਡੀ, ਪੱਤਾ ਲਪੇਟ ਸੁੰਡੀ ਅਤੇ ਭੂਰੇ ਟਿੱਡੇ (ਕਾਲਾ ਤੇਲਾ) ਨੁਕਸਾਨ ਕਰਦੇ ਹਨ ਤੇ ਬਿਮਾਰੀਆਂ ਝੰਡਾ ਰੋਗ (ਪੈਰਾਂ ਦਾ ਗਲਣਾ), ਭੁਰੜ/ਘੰਡੀ ਰੋਗ (ਬਲਾਸਟ) ਅਤੇ ਤਣੇ ਦੁਆਲੇ ਪੱਤੇ ਦਾ ਝੁਲਸ ਰੋਗ (ਸ਼ੀਥ ਬਲਾਈਟ) ਆਦਿ ਨੁਕਸਾਨ ਕਰਦੀਆਂ ਹਨ । ਕਿਸਾਨਾਂ ਵੱਲੋਂ ਇਨ੍ਹਾਂ ਕੀੜਿਆਂ ਅਤੇ ਬਿਮਾਰੀਆਂ ਦੀ ਰੋਕਥਾਮ ਲਈ, ਕੀਟ ਨਾਸ਼ਕ ਵਿਕ੍ਰੇਤਾਵਾਂ ਅਤੇ ਕੰਪਨੀਆਂ ਦੇ ਨੁਮਾਇੰਦਿਆਂ ਦੀ ਸਲਾਹ ਤੇ ਗੈਰ-ਸਿਫਾਰਸ਼ਸ਼ੁਦਾ ਕੀਟਨਾਸ਼ਕ ਰਸਾਇਣਾਂ ਦੀ ਵਰਤੋਂ ਕਰਨ ਨਾਲ ਬਾਸਮਤੀ ਦੀ ਗੁਣਵੱਤਾ ਵਿਚ ਗਿਰਾਵਟ ਆਈ ਹੈ ਜੋ ਸਿੱਧੇ ਤੌਰ 'ਤੇ ਨਿਰਯਾਤ 'ਤੇ ਅਸਰ ਪਾਉਂਦੀ ਹੈ ।

**ਪੌਣ-ਪਾਣੀ ਪੈਦਾਵਾਰ ਲਈ ਢੁੱਕਵਾਂ**

ਪੰਜਾਬ ਵਿਚ ਰਾਵੀ ਦਰਿਆ ਦੇ ਨਾਲ ਨਾਲ ਸਰਹੱਦੀ ਜ਼ਿਲ੍ਹਿਆਂ ਪਠਾਨਕੋਟ, ਗੁਰਦਾਸਪੁਰ, ਅੰਮ੍ਰਿਤਸਰ ਅਤੇ ਤਰਨਤਾਰਨ ਦਾ ਪੌਣਪਾਣੀ ਉੱਚ ਗੁਣਵੱਤਾ ਭਰਪੂਰ ਬਾਸਮਤੀ ਦੀ ਪੈਦਾਵਾਰ ਲਈ ਬਹੁਤ ਹੀ ਢੁੱਕਵਾਂ ਹੈ । ਇਨ੍ਹਾਂ ਸਰਹੱਦੀ ਜ਼ਿਲ੍ਹਿਆਂ ਵਿਚ ਪੈਦਾ ਹੁੰਦੀ ਬਾਸਮਤੀ ਗੁਣਵੱਤਾ ਪੱਖੋਂ ਉੱਤਮ ਦਰਜੇ ਦੀ ਗਿਣੀ ਜਾਂਦੀ ਹੈ । ਪੰਜਾਬ ਵਿਚ ਕੁੱਲ ਪੈਦਾ ਹੁੰਦੀ ਬਾਸਮਤੀ ਦੀ ਪੈਦਾਵਾਰ ਦਾ 90 ਫੀਸਦੀ ਹਿੱਸਾ ਬਰਾਮਦ ਕੀਤਾ ਜਾਂਦਾ ਹੈ । ਬਾਸਮਤੀ ਜ਼ਿਆਦਾਤਰ ਅਮਰੀਕਾ, ਅਰਬ ਅਤੇ ਯੂਰਪੀਅਨ ਦੇਸ਼ਾਂ ਨੂੰ ਬਰਾਮਦ ਕੀਤੀ ਜਾਂਦੀ ਹੈ ਪਰ ਪਿਛਲੇ ਕੁਝ ਸਮੇਂ ਤੋਂ ਬਾਸਮਤੀ ਬਰਾਮਦ ਕਰਨ ਵਿਚ ਮੁਸ਼ਕਲਾਂ ਪੇਸ਼ ਆ ਰਹੀਆਂ ਹਨ । ਬਾਸਮਤੀ ਵਿਚ ਬਿਮਾਰੀਆਂ ਅਤੇ ਕੀੜਿਆਂ ਦੀ ਰੋਕਥਾਮ ਲਈ ਕਿਸਾਨ ਅਕਸਰ ਆਂਢੀਆਂ-ਗੁਆਂਢੀਆਂ ਜਾਂ ਦੁਕਾਨਦਾਰਾਂ ਦੇ ਕਹਿਣ ਤੇ ਬੇਲੋੜੀਆਂ ਗੈਰ-ਸਿਫਾਰਸ਼ਸ਼ੁਦਾ ਕੀਟਨਾਸ਼ਕਾਂ ਦਾ ਵੱਧ ਮਾਤਰਾ ਵਿਚ ਛਿੜਕਾਅ ਕਰਦੇ ਹਨ ਜਿਸ ਕਾਰਨ ਕੀਟਨਾਸ਼ਕਾਂ ਦੇ ਅੰਸ਼, ਨਿਰਧਾਰਤ ਮਾਪਦੰਡਾਂ ਤੋਂ ਵਧੇਰੇ ਰਹਿਣ ਕਾਰਨ ਬਾਸਮਤੀ ਦੀ ਬਰਾਮਦ 'ਤੇ ਬੁਰਾ ਪ੍ਰਭਾਵ ਪੈਂਦਾ ਹੈ ।

**ਖਤਮ ਹੋ ਚੁੱਕਾ ਤਣਾ ਛੇਦਕ ਸੁੰਡੀ ਦਾ ਹਮਲਾ**

10-15 ਸਾਲ ਪਹਿਲਾਂ ਤਣਾਂ ਛੇਦਕ ਸੁੰਡੀ ਬਾਸਮਤੀ ਦੀ ਫਸਲ ਦਾ ਕਾਫੀ ਨੁਕਸਾਨ ਕਰਦੀ ਸੀ ਪਰ 2009-10 ਦੌਰਾਨ ਪੰਜਾਬ ਸਰਕਾਰ ਵੱਲੋਂ ਬਣਾਏ ਪੰਜਾਬ ਪ੍ਰੀਜ਼ਰਵੇਸ਼ਨ ਆਫ ਸਬ ਸਾਇਲ ਵਾਟਰ ਐਕਟ ਤਹਿਤ ਝੋਨੇ ਦੀ ਲਵਾਈ 11 ਜੂਨ ਤੋਂ 20 ਜੂਨ ਦਰਮਿਆਨ ਹੋਣ ਨਾਲ ਤਣਾ ਛੇਦਕ ਸੁੰਡੀ ਦਾ ਹਮਲਾ ਲਗਭਗ ਖਤਮ ਹੋ ਚੁੱਕਾ ਹੈ । ਇਸ ਲਈ ਇਸ ਕੀੜੇ ਦੀ ਰੋਕਥਾਮ ਲਈ ਕਿਸੇ ਵੀ ਕੀਟਨਾਸ਼ਕ ਦੀ ਜ਼ਰੂਰਤ ਨਹੀਂ ਰਹਿ ਗਈ ਹੈ ।

ਪੱਤਾ ਲਪੇਟ ਸੁੰਡੀ ਦੀ ਰੋਕਥਾਮ ਲਈ ਹਮਲੇ ਦੇ ਸ਼ੁਰੂਆਤ ਵਿਚ ਨਿਸਰਨ ਤੋਂ ਪਹਿਲਾਂ 20-30 ਫੁੱਟ ਲੰਬੀ ਨਰੇਲ ਦੀ ਰੱਸੀ ਫਸਲ ਉੱਪਰ ਫੇਰਨ ਨਾਲ ਸੁੰਡੀ ਖੇਤ ਵਿਚ ਖੜ੍ਹੇ ਪਾਣੀ ਵਿਚ ਡਿੱਗ ਪੈਂਦੀ ਹੈ । ਕਈ ਵਾਰ ਭਾਰੀ ਬਾਰਿਸ਼ ਹੋਣ ਨਾਲ ਵੀ ਪੱਤਾ ਲਪੇਟ ਸੁੰਡੀ ਖੇਤ ਵਿਚ ਡਿੱਗ ਕੇ ਖਤਮ ਹੋ ਜਾਂਦੀ ਹੈ । ਜੇਕਰ ਪੱਤਾ ਲਪੇਟ ਸੁੰਡੀ ਦਾ ਹਮਲਾ ਆਰਥਿਕ ਕਗਾਰ (10% ਜਾਂ ਵੱਧ ਨੁਕਸਾਨੇ ਪੱਤੇ) ਤੋਂ ਵੱਧ ਜਾਂਦਾ ਹੈ ਤਾਂ 20 ਮਿਲੀਲਿਟਰ ਫਲੂਬੈਂਡਾਮਾਈਡ 480 ਐਸ ਐਲ ਜਾਂ 60 ਮਿਲੀਲਿਟਰ ਕਲੋਰਐਂਟਰਾਨਿਲੀਪਰੋਲ 20 ਐਸ ਸੀ ਜਾਂ 170 ਗ੍ਰਾਮ ਕਾਰਟਾਪ ਹਾਈਡ੍ਰੋਕਲੋਰਾਈਡ 75 ਐਸ ਸੀ ਜਾਂ 80 ਮਿ.ਲਿ. ਨਿੰਮ ਅਧਾਰਿਤ ਅਜ਼ੈਡੀਰੈਕਟਿਨ 5% ਪ੍ਰਤੀ ਏਕੜ ਨੂੰ 100 ਲਿਟਰ ਪਾਣੀ ਵਿਚ ਘੋਲ ਕੇ ਛਿੜਕਾਅ ਕਰੋ । ਇਨ੍ਹਾਂ ਕੀਟਨਾਸ਼ਕਾਂ ਦਾ ਛਿੜਕਾਅ ਕਰਨ ਨਾਲ ਤਣਾ ਛੇਦਕ ਸੁੰਡੀ ਦੀ ਵੀ ਰੋਕਥਾਮ ਹੋ ਜਾਂਦੀ ਹੈ ।

**ਕੀਟ ਨਾਸ਼ਕਾਂ ਦੇ ਮਾਪਦੰਡ ਨਿਰਧਾਰਤ**

ਬਾਸਮਤੀ ਦੀ ਬਰਾਮਦ ਕਰਨ ਲਈ ਕੁੱਲ ਵੀਹ ਕੀਟਨਾਸ਼ਕਾਂ ਦੇ ਮਾਪਦੰਡ ਨਿਰਧਾਰਤ ਕੀਤੇ ਗਏ ਹਨ, ਜਿਨ੍ਹਾਂ ਵਿਚੋਂ 10 ਕੀਟਨਾਸ਼ਕਾਂ ਐਸੀਫੇਟ, ਬੁਪਰੋਫੇਜ਼ਿਨ, ਕਲੋਰਪਾਈਰੀਫੋਸ, ਹੈਕਸਾਕੋਨਾਜ਼ੋਲ, ਪ੍ਰੋਪੀਕੋਨਜ਼ੋਲ, ਥਿਆਮੈਥੋਕਸਮ, ਪ੍ਰੋਫੇਨੋਫੋਸ, ਇਮੀਡਾਕਲੋਪ੍ਰਿਡ, ਕਾਰਬੈਂਡਾਜ਼ਿਮ ਅਤੇ ਟ੍ਰਾਈਸਾਈਕਲਾਜ਼ੋਲ ਕਾਰਨ ਬਾਸਮਤੀ ਦੀ ਬਰਾਮਦ ਪ੍ਰਭਾਵਿਤ ਹੋ ਰਹੀ ਹੈ । ਜੇਕਰ ਇੰਨਾਂ ਗੈਰ-ਸਿਫਾਰਿਸ਼ਸ਼ੁਦਾ ਕੀਟਨਾਸ਼ਕਾਂ ਦੀ ਵਰਤੋਂ ਜਾਰੀ ਰਹਿੰਦੀ ਹੈ ਤਾਂ ਬਾਸਮਤੀ ਦੀ ਬਰਾਮਦ ਨਹੀਂ ਕੀਤੀ ਜਾ ਸਕੇਗੀ ਜਿਸ ਦਾ ਸਿੱਧਾ ਅਸਰ ਕਿਸਾਨਾਂ ਦੀ ਆਰਥਿਕਤਾ 'ਤੇ ਪਵੇਗਾ ।

ਕਿਸਾਨਾਂ ਨੂੰ ਚਾਹੀਦਾ ਹੈ ਕਿ ਬਾਸਮਤੀ ਦੀ ਫਸਲ ਉੱਪਰ ਅੰਨ੍ਹੇਵਾਹ ਕੀਟਨਾਸ਼ਕਾਂ ਦੀ ਵਰਤੋਂ ਕਰਨ ਦੀ ਬਜਾਏ ਜ਼ਰੂਰਤ ਅਨੁਸਾਰ ਖੇਤੀ ਮਾਹਰਿਾਂ ਦੀ ਸਲਾਹ ਮੁਤਾਬਕ ਸਿਫਾਰਸ਼ਸ਼ੁਦਾ ਕੀਟਨਾਸ਼ਕਾਂ ਦੀ ਸਿਫਾਰਸ਼ ਮਾਤਰਾ ਵਿਚ ਹੀ ਵਰਤੋਂ ਕਰਨ ਤਾਂ ਜੋ ਬਾਸਮਤੀ ਦੀ ਬਰਾਮਦ ਪ੍ਰਭਾਵਤ ਨਾ ਹੋ ਸਕੇ । ਮੌਜੂਦਾ ਸਮੇਂ ਦੇ ਬਾਸਮਤੀ ਬਰਾਮਦ ਨਿਯਮਾਂ ਨੂੰ ਮੁੱਖ ਰੱਖਦੇ ਹੋਏ ਕਿਸਾਨ ਵੀਰਾਂ ਨੂੰ ਕੀਟ ਨਾਸ਼ਕਾਂ ਦੀ ਵਰਤੋਂ ਬੜੀ ਸੂਝ ਨਾਲ ਕਰਨ ਦੀ ਜ਼ਰੂਰਤ ਹੈ ਤਾਂ ਉਹ ਬਰਾਮਦ-ਯੋਗ ਮਿਆਰੀ ਬਾਸਮਤੀ ਪੈਦਾ ਕਰ ਸਕਣ । ਜੇਕਰ ਬਾਸਮਤੀ ਦੀ ਫਸਲ ਉੱਪਰ 10 ਪਾਬੰਦੀਸ਼ੁਦਾ ਕੀਟ ਨਾਸ਼ਕਾਂ ਦਾ ਛਿੜਕਾਅ ਨਾ ਕੀਤਾ ਜਾਵੇ ਤਾਂ ਕਿਸਾਨਾਂ ਨੂੰ ਬਾਸਮਤੀ ਦੀ ਵੱਧ ਕੀਮਤ ਮਿਲੇਗੀ, ਜਿਸ ਦਾ ਅਸਰ ਦੇਸ਼ ਦੀ ਅਰਥ ਵਿਵਸਥਾ 'ਤੇ ਪਵੇਗਾ ।

**ਮੁੱਢਾਂ ਵਾਲੇ ਪਾਸੇ ਦਵਾਈ ਦਾ ਛਿੜਕਾਅ**

ਜੇਕਰ ਮੁੱਢਾਂ ਵਾਲੇ ਪਾਸੇ ਪ੍ਰਤੀ ਪੌਦਾ 5 ਜਾਂ ਵੱਧ ਟਿੱਡੇ ਮੌਜੂਦ ਹੋਣ ਤਾਂ 94 ਮਿ.ਲਿ. ਟਰਾਈਫਲੂਮੀਜ਼ੋਪਾਇਰਮ 10 ਐਸ ਸੀ ਜਾਂ 400 ਮਿ.ਲਿ. ਬੈਂਜ਼ਪਾਇਰੀਮੋਕਸਾਨ 10 ਐਸ ਜੀ ਜਾਂ 120 ਗ੍ਰਾਮ ਪਾਈਮੈਟ੍ਰੋਜ਼ਿਨ 50 ਡਬਲਿਊ ਜੀ ਜਾਂ 300 ਮਿਲੀਲਿਟਰ ਫਲੂਪਾਇਰੀਮਿਨ 10 ਐਸ ਸੀ ਜਾਂ 800 ਮਿਲੀਲਿਟਰ ਕੁਈਨਲਫਾਸ 25 ਈਸੀ. ਜਾਂ 80 ਮਿਲਿ. ਅਜ਼ੈਡੀਰੈਕਟਿਨ 5% ਜਾਂ 4 ਲਿਟਰ ਨਿੰਮ ਦਾ ਘੋਲ ਪ੍ਰਤੀ ਏਕੜ ਨੂੰ 100 ਲਿਟਰ ਪਾਣੀ ਦੇ ਘੋਲ ਵਿਚ ਛਿੜਕਾਅ ਕਰੋ ਜੇਕਰ ਜ਼ਰੂਰਤ ਪਵੇ ਤਾਂ ਦੁਬਾਰਾ ਛਿੜਕਾਅ ਕਰੋ ।

ਚੰਗੇ ਨਤੀਜਿਆਂ ਲਈ ਫਸਲ ਦੇ ਮੁੱਢਾਂ ਵਾਲੇ ਪਾਸੇ ਦਵਾਈ ਦਾ ਛਿੜਕਾਅ ਕਰਨਾ ਚਾਹੀਦਾ ਹੈ । ਘੰਡੀ ਜਾਂ ਭਰੁੜ ਰੋਗ ਦੀ ਰੋਕਥਾਮ ਲਈ 200 ਮਿਲੀਲਿਟਰ ਐਮੀਸਟਾਰ-ਟੌਪ 325 ਐਸ ਸੀ ਜਾਂ 500 ਗ੍ਰਾਮ ਇੰਡੋਫਿਲ ਜ਼ੈਡ 78 ਪ੍ਰਤੀ ਏਕੜ ਨੂੰ ਬਿਮਾਰੀ ਵਾਲੀ ਫਸਲ ਉੱਤੇ ਭਰਪੂਰ ਸ਼ਾਖਾ ਨਿਕਲ ਅਤੇ ਗੱਭ ਭਰਨ ਸਮੇਂ 200 ਲਿਟਰ ਪਾਣੀ ਦੇ ਘੋਲ ਕੇ ਛਿੜਕਾਅ ਕਰੋ ।

ਤਣੇ ਦੁਆਲੇ ਪੱਤੇ ਦਾ ਝੁਲਸ ਰੋਗ ਦੀ ਰੋਕਥਾਮ ਲਈ 200 ਮਿਲੀਲਿਟਰ ਐਮੀਸਟਾਰ-ਟੌਪ 325 ਐਸ ਸੀ ਜਾਂ 80 ਗ੍ਰਾਮ ਨਟੀਵੋ 75 ਡਬਲਿਊ ਜੀ ਪ੍ਰਤੀ ਏਕੜ ਘੋਲ ਕੇ ਛਿੜਕਾਅ ਕਰੋ ।


**ਯੂਰੀਆ ਖਾਦ ਦੀ ਘੱਟ ਵਰਤੋਂ**

ਬਾਸਮਤੀ ਦੀ ਬਰਾਮਦ ਸੰਬੰਧੀ ਸੋਧੇ ਨਿਰਧਾਰਤ ਮਾਪਦੰਡਾਂ ਨੂੰ ਮੁੱਖ ਰੱਖਦਿਆਂ ਯੂਰੀਆ ਖਾਦ ਦੀ ਵਰਤੋਂ ਕੇਵਲ ਸਿਫਾਰਸ਼ਾਂ ਅਨੁਸਾਰ ਹੀ ਕਰੋ । ਬਾਸਮਤੀ ਦੀ ਫਸਲ ਦਾ ਨਿਰੰਤਰ ਨਿਰੀਖਣ ਕਰਦੇ ਰਹਿਣਾ ਚਾਹੀਦਾ ਹੈ ਤਾਂ ਕੀੜੇ ਬੂਟਿਆਂ ਦੇ ਟਿੱਡਿਆਂ ਦੀ ਰੋਕਥਾਮ ਲਈ ਸਿੰਥੈਟਿਕ ਪੈਰਾਥਰਾਈਡ ਸਮੂਹ ਕੀਟਨਾਸ਼ਕਾਂ ਦੀ ਵਰਤੋਂ ਨਾ ਕਰੋ । ਮੁੰਜਰਾਂ ਨਿਕਲਣ ਉਪਰੰਤ ਫਸਲ ਉਪਰ ਕਿਸੇ ਵੀ ਤਰ੍ਹਾਂ ਦੇ ਕੀਟ ਨਾਸ਼ਕਾਂ ਦਾ ਛਿੜਕਾਅ ਨਾ ਕਰੋ । ਖੇਤ ਰਸਾਇਣਾਂ ਦੀ ਸੁਚੱਜੀ ਵਰਤੋਂ ਲਈ ਕ੍ਰਿਸ਼ੀ ਵਿਗਿਆਨ ਕੇਂਦਰ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਜਾਂ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੇ ਖੇਤੀ ਮਾਹਰਿਾਂ ਨਾਲ ਹਮੇਸ਼ਾਂ ਸੰਪਰਕ ਬਣਾ ਕੇ ਰੱਖੋ ਤਾਂ ਜੋ ਕੀਟਨਾਸ਼ਕਾਂ ਅਤੇ ਉੱਲੀਨਾਸ਼ਕਾਂ ਦੀ ਸੁਚੱਜੀ ਵਰਤੋਂ ਕਰਕੇ ਨਿਰਯਾਤਯੋਗ ਬਾਸਮਤੀ ਪੈਦਾ ਕਰ ਸਕੀਏ ।

# ਝੋਨੇ ਅਤੇ ਬਾਸਮਤੀ ਦੇ ਬੂਟੇ ਦੇ ਟਿੱਡਿਆਂ ਦੀ ਸੁਚੱਜੀ ਰੋਕਥਾਮ

ਕਮਲਜੀਤ ਸਿੰਘ ਸੂਰੀ ਅਤੇ ਰੂਬਲਜੋਤ ਕੂੰਨਰ,
ਕੀਟ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ

**ਕੀੜਿਆਂ ਦੇ ਹਮਲੇ ਨੂੰ ਆਰਥਿਕ ਕਗਾਰ / ਇਕਨੌਮਿਕ ਥਰੈਸ਼ਹੋਲਡ ਲੈਵਲ (ਨੁਕਸਾਨ ਕਰਨ ਦੀ ਮਿੱਥੀ ਹੱਦ) ਤੋਂ ਹੇਠਾਂ ਰੱਖਣਾ ਜ਼ਰੂਰੀ ਹੈ। ਅੱਜ ਕੱਲ ਝੋਨੇ ਅਤੇ ਬਾਸਮਤੀ ਦੇ ਟਿੱਡਿਆਂ ਦਾ ਹਮਲਾ ਵੇਖਣ ਨੂੰ ਮਿਲ ਰਿਹਾ ਹੈ। ਇਸ ਕੀੜੇ ਦੀ ਪਹਿਚਾਣ ਅਤੇ ਰੋਕਥਾਮ ਤਕਨੀਕਾਂ ਬਾਰੇ ਹੇਠਾਂ ਜਾਣਕਾਰੀ ਦਿੱਤੀ ਜਾ ਰਹੀ ਹੈ।**




**ਬੂਟਿਆਂ ਦੇ ਟਿੱਡੇ**

ਪੰਜਾਬ ਵਿਚ ਚਿੱਟੀ ਪਿੱਠ ਵਾਲਾ ਟਿੱਡਾ ਅਤੇ ਭੂਰਾ ਟਿੱਡਾ ਝੋਨੇ ਦੀ ਫਸਲ



ਦਾ ਨੁਕਸਾਨ ਕਰਦੇ ਹਨ। ਬੱਚੇ ਅਤੇ ਬਾਲਗ ਟਿੱਡੇ ਜੁਲਾਈ ਤੋਂ ਅਕਤੂਬਰ ਤੱਕ ਬੂਟਿਆਂ ਦਾ ਰਸ ਚੂਸਦੇ ਹਨ। ਹਮਲੇ ਵਜੋਂ ਬੂਟੇ ਦੇ ਪੱਤੇ ਉੱਪਰਲੇ ਸਿਰਿਆਂ ਵਲੋਂ ਪੀਲੇ ਪੈਣੇ ਸ਼ੁਰੂ ਹੋ ਜਾਂਦੇ ਹਨ ਅਤੇ ਹੌਲੀ-ਹੌਲੀ ਸਾਰਾ ਬੂਟਾ ਹੀ ਸੁੱਕ ਕੇ ਝੁਲਸ ਜਾਂਦਾ ਹੈ। ਕਈ ਵਾਰ ਹਮਲੇ ਵਾਲੇ ਪੱਤਿਆਂ ਤੇ ਕਾਲੀ ਉੱਲੀ ਵੀ ਲੱਗ ਜਾਂਦੀ ਹੈ। ਹਮਲੇ ਵਾਲੇ ਬੂਟੇ ਸੁੱਕਣ ਕਾਰਨ ਟਿੱਡੇ ਲਾਗਲੇ ਨਰੋਏ ਬੂਟਿਆਂ ਤੇ ਚਲੇ ਜਾਂਦੇ ਹਨ ਅਤੇ ਇਸ ਤਰ੍ਹਾਂ ਬੂਟੇ ਦੌਗੀਆਂ/ਧੌੜੀਆਂ ਵਿਚ ਸੁੱਕਣੇ ਸ਼ੁਰੂ ਹੋ ਜਾਂਦੇ ਹਨ। ਹਮਲਾ ਵੱਧਣ ਨਾਲ ਇਨ੍ਹਾਂ ਦੌਗੀਆਂ/ਧੌੜੀਆਂ ਦੇ ਘੇਰਿਆਂ ਦੇ ਅਕਾਰ ਵੀ ਵੱਧਦੇ ਰਹਿੰਦੇ ਹਨ ਅਤੇ ਹੌਲੀ-ਹੌਲੀ ਸਾਰਾ ਖੇਤ ਹੀ ਹਮਲੇ ਹੇਠ ਆ ਜਾਂਦਾ ਹੈ।

**ਰੋਕਥਾਮ :**

★ **ਖਾਦਾਂ ਦੀ ਸਹੀ ਵਰਤੋਂ** : ਵੱਧ ਨਾਈਟਰੋਜਨ ਖਾਦ ਪਾਉਣ ਨਾਲ ਬੂਟਿਆਂ ਦੇ ਟਿੱਡਿਆਂ ਦਾ ਹਮਲਾ ਵਧੇਰੇ ਹੁੰਦਾ ਹੈ ਇਸ ਲਈ ਖਾਦਾਂ ਦੀ ਵਰਤੋਂ ਸਿਫਾਰਿਸ਼ ਅਨੁਸਾਰ ਹੀ ਕਰੋ।

★ **ਖੜ੍ਹੀ ਫਸਲ ਨੂੰ ਪਾਣੀ ਦੇਣ ਵਾਸਤੇ ਵਿਉਂਤਬੰਦੀ** : ਪਨੀਰੀ ਲਾਉਣ ਪਿੱਛੋਂ 2 ਹਫਤੇ ਤੱਕ ਪਾਣੀ ਖੇਤ ਵਿਚ ਖੜ੍ਹਾ ਰੱਖਣਾ ਜ਼ਰੂਰੀ ਹੈ। ਇਸ ਪਿੱਛੋਂ ਪਾਣੀ ਉਸ ਵੇਲੇ ਦਿਓ ਜਦੋਂ ਖੇਤ ਵਿਚੋਂ ਪਾਣੀ ਜਜ਼ਬ ਹੋਏ ਨੂੰ 2 ਦਿਨ ਹੋ ਗਏ ਹੋਣ। ਪਰ ਇਕ ਗੱਲ ਦਾ ਧਿਆਨ ਰੱਖੋ ਕਿ ਜ਼ਮੀਨ ਵਿਚ ਤਰੇੜਾਂ ਨਾ ਪੈਣ। ਅਜਿਹਾ ਕਰਨ ਨਾਲ ਨਾ ਕੇਵਲ ਇਨ੍ਹਾਂ ਟਿੱਡਿਆਂ ਦਾ ਹਮਲਾ ਘੱਟ ਹੁੰਦਾ ਹੈ ਸਗੋਂ ਪਾਣੀ ਦੀ ਵੀ ਬੱਚਤ ਹੁੰਦੀ ਹੈ।

★ **ਰਸਾਇਣਕ ਰੋਕਥਾਮ** : ਪਨੀਰੀ ਪੁੱਟ ਕੇ ਖੇਤ ਵਿਚ ਲਾਉਣ ਤੋਂ ਤਕਰੀਬਨ ਮਹੀਨਾ ਕੁ ਪਿੱਛੋਂ ਹਫਤੇ-ਹਫਤੇ ਬਾਅਦ ਕੁੱਝ ਕੁ ਬੂਟਿਆਂ ਨੂੰ ਟੇਢੇ ਕਰਕੇ 2-3 ਵਾਰ ਹਲਕਾ-ਹਲਕਾ ਥਾਪੜੋ/ਝਾੜੋ। ਜੇ 5 ਜਾਂ ਵੱਧ ਟਿੱਡੇ ਪ੍ਰਤੀ ਬੂਟਾ ਪਾਣੀ ਉੱਤੇ ਤੈਰਦੇ ਦਿਖਾਈ ਦੇਣ ਤਾਂ ਸਾਰਣੀ ਵਿਚ ਦਰਸਾਈ ਕਿਸੇ ਇੱਕ ਕੀਟਨਾਸ਼ਕ ਨੂੰ 100 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕੋ।

**ਚਿਤਾਵਨੀਆਂ**

★ ਛਿੜਕਾਅ ਕਰਨ ਵੇਲੇ ਪੰਪ ਦੇ ਫੁਹਾਰੇ ਦਾ ਰੁਖ ਬੂਟਿਆਂ ਦੇ ਮੁੱਢਾਂ ਵੱਲ ਰੱਖੋ ਤਾਂ ਜੋ ਛਿੜਕਾਅ ਬੂਟਿਆਂ ਦੇ ਮੁੱਢਾਂ ਤੇ ਜ਼ਰੂਰ ਪਵੇ ਜਿੱਥੇ ਇਹ ਕੀੜੇ ਵਧੇਰੇ ਹੁੰਦੇ ਹਨ।

★ ਜੇ ਕੀੜੇ ਦਾ ਹਮਲਾ ਦੌਗੀਆਂ / ਧੌੜੀਆਂ ਵਿਚ ਹੋਵੇ ਤਾਂ ਕੀਟਨਾਸ਼ਕ ਦਾ ਛਿੜਕਾਅ ਸਾਰੇ ਖੇਤ ਦੀ ਬਜਾਏ ਅਜਿਹੀਆਂ ਦੌਗੀਆਂ / ਧੌੜੀਆਂ ਉੱਪਰ ਅਤੇ ਇਨ੍ਹਾਂ ਦੇ ਆਲੇ-ਦੁਆਲੇ 3-4 ਮੀਟਰ ਦੇ ਘੇਰੇ ਦੇ ਅੰਦਰ ਆਉਂਦੇ ਤੰਦਰੁਸਤ ਬੂਟਿਆਂ ਤੇ ਹੀ ਕਰੋ ਕਿਉਂਕਿ ਟਿੱਡਿਆਂ ਦੀ ਜ਼ਿਆਦਾ ਗਿਣਤੀ ਇਨ੍ਹਾਂ ਥਾਵਾਂ ਤੇ ਹੀ ਹੁੰਦੀ ਹੈ।

★ ਜਦੋਂ ਟਿੱਡਿਆਂ ਦੀ ਗਿਣਤੀ 5 ਜਾਂ ਵੱਧ ਟਿੱਡੇ ਪ੍ਰਤੀ ਬੂਟਾ (ਆਰਥਿਕ ਕਗਾਰ) ਹੋਵੇ ਤਾਂ ਸਿਫਾਰਸ਼ ਕੀਤੇ ਕੀਟਨਾਸ਼ਕਾਂ ਵਿਚੋਂ ਕਿਸੇ ਇੱਕ ਦੀ ਵਰਤੋਂ ਕਰਕੇ ਇਨ੍ਹਾਂ ਦੀ ਰੋਕਥਾਮ ਕਰੋ ਨਹੀਂ ਤਾਂ ਇਨ੍ਹਾਂ ਦੀ ਗਿਣਤੀ ਤੇ ਹਮਲਾ ਵਧਦਾ ਰਹਿੰਦਾ ਹੈ ਅਤੇ ਫਸਲ ਵੱਡੀ ਹੋਣ ਤੇ ਛਿੜਕਾਅ ਕਰਨਾ ਮੁਸ਼ਕਲ ਹੋ ਜਾਂਦਾ ਹੈ।

**ਸਾਰਣੀ ਨੰ. 1. ਝੋਨੇ ਅਤੇ ਬਾਸਮਤੀ ਦੇ ਹਾਨੀਕਾਰਕ ਕੀੜਿਆਂ ਦੀ ਰੋਕਥਾਮ ਵਾਸਤੇ ਸਿਫਾਰਸ਼ ਕੀਟਨਾਸ਼ਕ**

| ਹਾਨੀਕਾਰਕ ਕੀੜਾ | ਜ਼ਹਿਰ | ਮਾਰਕਾ | ਮਾਤਰਾ ਪ੍ਰਤੀ ਏਕੜ |
|---|---|---|---|
| ਬੂਟਿਆਂ ਦੇ ਟਿੱਡੇ | ਅਜ਼ੈਡੀਰੈਕਟਿਨ 5% | ਇਕੋਟਿਨ | 80 ਮਿਲੀਲਿਟਰ |
| | ਫਲੋਨਿਕਾਮਿਡ | ਉਲਾਲਾ 50 ਡਬਲਯੂ ਜੀ | 60 ਗ੍ਰਾਮ |
| | ਟ੍ਰਾਈਫਲੂਮੀਜ਼ੋਪਾਇਰਮ | ਪੈਕਸਾਲੋਨ 10 ਐਸ ਸੀ | 94 ਮਿਲੀਲਿਟਰ |
| | ਡਾਇਨੋਟੈਫੂਰਾਨ | ਟੋਕਨ/ਓਸ਼ੀਨ/ ਡੋਮਿਨੈਂਟ 20 ਐਸ ਜੀ | 80 ਗ੍ਰਾਮ |
| | ਪਾਈਮੈਟਰੋਜ਼ਿਨ | ਚੈੱਸ 50 ਡਬਲਯੂ ਜੀ | 120 ਗ੍ਰਾਮ |
| | ਬੈਂਜ਼ਪਾਇਰੀਮੌਕਸਾਨ | ਆਰਕੈਸਟਰਾ 10 ਐਸ ਸੀ | 400 ਮਿਲੀਲਿਟਰ |
| | ਫਲੂਪਾਇਰੀਮਿਨ | ਇਮੈਜਿਨ 10 ਐਸ ਸੀ | 300 ਮਿਲੀਲਿਟਰ |




# ਕੁਦਰਤੀ ਖੇਤੀ ਕਾਰਨ ਹੋਰਨਾਂ ਲਈ ਮਿਸਾਲ ਬਣਿਆ ਨੌਜਵਾਨ ਤਬਪ੍ਰੀਤ ਸਿੰਘ ਖਰੌੜ

## ਕਿਹਾ, ਪੰਜਾਬ ਦੇ ਕਿਸਾਨ ਪੌਣ ਪਾਣੀ ਅਨੁਸਾਰ ਜੈਵਿਕ ਖੇਤੀ ਨੂੰ ਅਪਣਾਉਣ

ਲੰਗ ਪਿੰਡ ਦਾ ਨੌਜਵਾਨ ਕਿਸਾਨ ਤਬਪ੍ਰੀਤ ਸਿੰਘ ਖਰੌੜ ਫਾਰਮ 'ਤੇ ਤਕਰੀਬਨ ਤਿੰਨ ਏਕੜ ਜੈਵਿਕ ਖੇਤੀ ਕਰ ਰਿਹਾ ਹੈ ਜਿਸ ਵਿਚ ਇਕ ਏਕੜ 'ਚ ਗੰਨਾ, ਅੱਧਾ ਏਕੜ ਸਬਜ਼ੀ ਤੇ ਡੇਢ ਏਕੜ ਮੂੰਗੀ ਤੇ ਮਾਂਹ ਆਦਿ ਦਾਲਾਂ ਦੀ ਖੇਤੀ ਕਰਕੇ ਇਕ ਨਿਵੇਕਲਾ ਕੰਮ ਕਰ ਰਿਹਾ ਹੈ ਉਨ੍ਹਾਂ ਦੱਸਿਆ ਕਿ ਉਸ ਨੂੰ ਪ੍ਰੇਰਨਾ ਉਸ ਦੇ ਦਾਦਾ ਤੋਂ ਮਿਲੀ ਹੈ। ਉਸ ਦਾ ਦਾਦਾ ਘਰ 'ਚ ਲੋੜੀਂਦੀਆਂ ਸਬਜ਼ੀਆਂ ਦਾਲਾਂ ਤੇ ਅਨਾਜ ਦੀ ਖੇਤੀ ਕਰਦੇ ਰਹੇ ਹਨ। ਇਸ ਤੋਂ ਇਲਾਵਾ ਉਸ ਨੇ ਦੱਸਿਆ ਕਿ ਉਸ ਨੂੰ ਇਹ ਗਿਆਨ ਕਿਤਾਬਾਂ ਪੜ੍ਹ ਕੇ ਵੀ ਮਿਲਿਆ ਤੇ ਹੁਣ ਉਹ ਸਭ ਤੋਂ ਪਹਿਲਾਂ ਮਿੱਟੀ ਦੀ ਪਰਖ ਕਰਕੇ ਤੇ ਮੁਢਲੇ ਤੱਤਾਂ ਦੀ ਘਾਟ ਦੀ ਜਾਣਕਾਰੀ ਲੈ ਕੇ ਉਸ 'ਤੇ ਟਿਕਾਊ ਖੇਤੀ ਕਰਦਾ ਹੈ। ਇਸ ਤੋਂ ਇਲਾਵਾ ਉਸ ਦਾ ਕਹਿਣਾ ਹੈ ਕਿ ਫਸਲਾਂ ਦੇ ਛਿੜਕਾਅ ਲਈ ਗਊ ਮੂਤਰ, ਹਲਦੀ, ਗੋਬਰ, ਖੱਟੀ ਲੱਸੀ, ਪਾਥੀਆਂ ਦਾ ਪਾਣੀ, ਗੁੜ, ਮਿੱਠਾ ਸੋਡਾ, ਫਟਕੜੀ, ਸਰ੍ਹੋਂ ਦੀ ਖਲ ਆਦਿ ਦਾ ਘੋਲ ਤਿਆਰ ਕਰਕੇ ਸਬਜ਼ੀਆਂ ਤੇ ਹੋਰਨਾਂ ਫਸਲਾਂ 'ਤੇ ਛਿੜਕਾਅ ਕਰਕੇ ਚੰਗਾ ਝਾੜ ਪ੍ਰਾਪਤ ਕੀਤਾ ਜਾ ਸਕਦਾ ਹੈ। ਖਰੌੜ ਨੇ ਅੱਗੇ ਦੱਸਿਆ ਕਿ ਉਹ ਖੇਤੀ ਵਿਚ ਘੀਆ, ਕੱਦੂ, ਕਰੇਲਾ, ਕਰੇਲੀ, ਪੇਠਾ, ਤੋਰੀ, ਲੋਬੀਆ, ਮਿਰਚ, ਟਮਾਟਰ, ਭਿੰਡੀ, ਸ਼ਿਮਲਾ ਮਿਰਚ ਤੇ ਖੀਰਾ ਆਦਿ ਸਬਜ਼ੀਆਂ ਖੁਦ ਤਿਆਰ ਕਰਕੇ ਆਪਣੇ ਫਾਰਮ 'ਤੇ ਵੇਚਦਾ ਹੈ। ਜ਼ਹਿਰ ਮੁਕਤ ਖੇਤੀ ਕਰਨ ਵਾਲੇ ਕਿਸਾਨ ਨੇ ਦੱਸਿਆ ਕਿ ਅਸੀਂ ਕੁਦਰਤੀ ਖੇਤੀ ਦੀ ਸਹਾਇਤਾ ਨਾਲ ਬਹੁਤ ਸਾਰੇ ਕੀਟਨਾਸ਼ਕਾਂ ਦਾ ਕੰਟਰੋਲ ਕਰਦੇ ਹਾਂ। ਜਿਸ ਨਾਲ ਮਹਿੰਗੀਆਂ ਰਸਾਇਣਿਕ ਖਾਦਾਂ ਦੇ ਛਿੜਕਾਵਾਂ ਤੋਂ ਬਚਿਆ ਜਾ ਸਕਦਾ ਹੈ। ਇਸ ਤੋਂ ਇਲਾਵਾ ਤਬਪ੍ਰੀਤ ਸਿੰਘ ਖਰੌੜ ਨੇ ਕਿਹਾ ਕਿ ਜੈਵਿਕ ਖੇਤੀ ਦੀ ਮੁੱਖ ਸਮੱਸਿਆ ਇਹ ਹੈ ਕਿ ਬਹੁਤ ਸਾਰੇ ਲੋਕ ਜੈਵਿਕ ਖੇਤੀ ਦੀ ਆੜ 'ਚ ਰਸਾਇਣਕ ਖੇਤੀ ਕਰ ਰਹੇ ਹਨ ਜੋ ਕਿ ਸਰਾਸਰ ਗਲਤ ਹੈ। ਜਿਸ ਨਾਲ ਸਹੀ ਮਾਇਨੇ 'ਚ ਟਿਕਾਊ ਖੇਤੀ ਕਰਨ ਵਾਲੇ ਕਿਸਾਨਾਂ ਨੂੰ ਨੁਕਸਾਨ ਪਹੁੰਚਦਾ ਹੈ।

# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

**KHETI DUNIYAN**

An Exclusive Agricultural Weekly

ਰਜਿਸਟਰਡ ਆਫਿਸ :
9-ਏ, ਅਜੀਤ ਨਗਰ,
ਪਟਿਆਲਾ

ਮਾਰਕੀਟਿੰਗ ਆਫਿਸ :
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਫੋਨ : 0175-2214575, ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

ਸਾਲ 42 ਅੰਕ 38
ਮਿਤੀ 21-09-2024

**ਐਡੀਟਰ**

ਜਗਪ੍ਰੀਤ ਸਿੰਘ

**ਮਾਰਕੀਟਿੰਗ ਦਫਤਰ**

ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ



**ਸੰਪਾਦਕੀ ਬੋਰਡ**

ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਝੱਤਰਾ
ਡਾ. ਵਰਿੰਦਰ ਲਾਠਰ



**ਕੰਪੋਜ਼ਿੰਗ**

ਏਕਤਾ ਕੰਪਿਊਟਰਜ਼, ਪਟਿਆਲਾ



## ਨੋਟ

- ★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।
- ★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।
- ★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।



Editor, Printer & Publisher **JAGPREET SINGH**
Printed at **Drishti Printers,** Dasmesh Market,
Near Sher-e-Punjab Market,Gaushala Road, PATIALA &
Published at Patiala for **Prop. JAGPREET SINGH**


### ਸੂਬੇ 'ਚ ਪਾਣੀ ਦੀ ਕਿੱਲਤ ਦੇ ਬਾਵਜੂਦ

# ਪੰਜ ਸਾਲਾਂ ਦੌਰਾਨ ਵਧਿਆ ਝੋਨੇ ਹੇਠਲਾ ਰਕਬਾ

ਡੂੰਘੇ ਹੋ ਰਹੇ ਧਰਤੀ ਹੇਠਲੇ ਪਾਣੀ ਕਾਰਨ ਪਹਿਲਾਂ ਹੀ ਸੰਕਟ ਨਾਲ ਜੂਝ ਰਹੇ ਪੰਜਾਬ ਅੰਦਰ ਝੋਨੇ ਹੇਠਲੇ ਰਕਬੇ 'ਚ ਲਗਾਤਾਰ ਵਾਧਾ ਸੂਬੇ ਲਈ ਖਤਰੇ ਦੀ ਘੰਟੀ ਬਣ ਸਕਦਾ ਹੈ। ਜੇਕਰ ਝੋਨੇ ਦੀ ਬਿਜਾਈ ਬਾਰੇ ਖੇਤੀਬਾੜੀ ਵਿਭਾਗ ਦੇ ਪਿਛਲੇ ਪੰਜ ਸਾਲਾਂ ਦੇ ਅੰਕੜਿਆਂ 'ਤੇ ਝਾਤ ਮਾਰੀਏ ਤਾਂ ਇਸ ਦਾ ਰਕਬਾ ਹਰ ਸੀਜ਼ਨ ਦੌਰਾਨ ਵਧਦਾ ਜਾ ਰਿਹਾ ਹੈ। ਅੰਕੜਿਆਂ ਮੁਤਾਬਕ ਪੰਜਾਬ ਅੰਦਰ 2019-20 ਦੇ ਸੀਜ਼ਨ ਦੌਰਾਨ 77.63 ਲੱਖ ਏਕੜ ਰਕਬੇ 'ਚ ਝੋਨੇ ਦੀ ਬਿਜਾਈ ਹੋਈ ਸੀ, ਜਿਸ 'ਚ 62.10 ਲੱਖ ਏਕੜ ਬਾਸਮਤੀ ਹੇਠਲਾ ਰਕਬਾ ਸ਼ਾਮਲ ਸੀ। ਛੇ ਸਾਲਾਂ ਬਾਅਦ ਮੌਜੂਦਾ ਸੀਜ਼ਨ ਦੌਰਾਨ 80.11 ਲੱਖ ਏਕੜ ਰਕਬੇ 'ਚ ਝੋਨੇ ਦੀ ਬਿਜਾਈ ਹੋਈ ਹੈ, ਜਿਸ 'ਚ 63.31 ਲੱਖ ਏਕੜ ਗੈਰ-ਬਾਸਮਤੀ ਤੇ 16.80 ਲੱਖ ਏਕੜ ਬਾਸਮਤੀ ਦਾ ਰਕਬਾ ਸ਼ਾਮਲ ਹੈ।

ਖੇਤੀਬਾੜੀ ਮਾਹਰਾਂ ਤੇ ਧਰਤੀ ਹੇਠਲੇ ਪਾਣੀ ਦੇ ਸਰੋਤਾਂ ਦੇ ਮਾਹਰਾਂ ਮੁਤਾਬਕ ਇਹ ਚਿੰਤਾ ਦਾ ਵਿਸ਼ਾ ਹੈ ਕਿਉਂਕਿ ਇਕ ਪਾਸੇ ਪੰਜਾਬ ਦਾ ਪਾਣੀ ਡੂੰਘਾ ਹੁੰਦਾ ਜਾ ਰਿਹਾ ਹੈ ਤੇ ਦੂਜੇ ਪਾਸੇ ਪਾਣੀ ਨਾਲ ਤਿਆਰ ਹੋਣ ਵਾਲੀ ਫਸਲ ਝੋਨੇ ਹੇਠਲਾ ਰਕਬਾ ਵਧਦਾ ਜਾ ਰਿਹਾ ਹੈ। ਜੇਕਰ ਸੂਬੇ 'ਚ ਪਾਣੀ ਦੀ ਸਥਿਤੀ ਬਾਰੇ ਗੱਲ ਕੀਤੀ ਜਾਵੇ ਤਾਂ ਇਸ ਦੇ 150 ਬਲਾਕਾਂ 'ਚੋਂ 114 ਬਲਾਕ ਡਾਰਕ ਜ਼ੋਨ 'ਚ ਜਾ ਚੁੱਕੇ ਹਨ ਅਤੇ ਬਾਕੀ ਦੇ ਜ਼ੋਨ ਵੀ ਗੰਭੀਰ ਸਥਿਤੀ 'ਚ ਜਾ ਸਕਦੇ ਹਨ। ਝੋਨੇ ਹੇਠ ਵਧਦਾ ਰਕਬਾ ਖੇਤੀਬਾੜੀ ਵਿਭਾਗ ਤੇ ਸਰਕਾਰ ਵਲੋਂ ਝੋਨੇ ਤੇ ਕਣਕ ਦੀ ਰਵਾਇਤੀ ਖੇਤੀ ਤੋਂ ਮੋੜ ਕੇ ਕਿਸਾਨਾਂ ਨੂੰ ਫਸਲੀ ਵਿਭਿੰਨਤਾ ਨਾਲ ਜੋੜਨ ਦੇ ਕੀਤੇ ਜਾ ਰਹੇ ਦਾਅਵਿਆਂ 'ਤੇ ਵੀ ਸਵਾਲੀਆ ਨਿਸ਼ਾਨ ਲਾਉਂਦਾ ਹੈ। ਉਧਰ ਕਿਸਾਨਾਂ ਦਾ ਕਹਿਣਾ ਹੈ ਕਿ ਉਨ੍ਹਾਂ ਕੋਲ ਉਕਤ ਦੋਵਾਂ ਫਸਲਾਂ ਦਾ ਵਧੀਆ ਤੇ ਕਮਾਈ ਵਾਲਾ ਬਦਲ ਨਾ ਹੋਣ ਕਾਰਨ



ਉਹ ਰਵਾਇਤੀ ਖੇਤੀ ਕਰਨ ਲਈ ਮਜਬੂਰ ਹਨ।

### ਨਰਮੇ ਤੇ ਗੰਨੇ ਦੇ ਸਤਾਏ ਕਿਸਾਨਾਂ ਨੇ ਮਜਬੂਰਨ ਬੀਜਿਆ ਝੋਨਾ : ਮੁਕੇਸ਼

ਜ਼ਿਲ੍ਹੇ ਦੇ ਪਿੰਡ ਰਾਣੀ ਭੱਟੀ ਵਾਸੀ ਗੰਨਾ ਉਤਪਾਦਕ ਤੇ ਬੀ ਕੇ ਯੂ ਰਾਜੇਵਾਲ ਦੇ ਸੂਬਾ ਮੀਤ ਪ੍ਰਧਾਨ ਮੁਕੇਸ਼ ਚੰਦਰ ਦਾ ਕਹਿਣਾ ਹੈ ਕਿ ਕਿਸਾਨ ਰਵਾਇਤੀ ਖੇਤੀ ਤੋਂ ਨਿਕਲ ਕੇ ਫਸਲੀ ਵਿਭਿੰਨਤਾ ਅਪਣਾਉਣਾ ਚਾਹੁੰਦੇ ਹਨ ਪਰ ਸਰਕਾਰਾਂ ਦੀਆਂ ਨੀਤੀਆਂ ਤੇ ਅਣਗਹਿਲੀਆਂ ਕਾਰਨ ਉਹ ਝੋਨਾ ਲਾਉਣ ਲਈ ਮਜ਼ਬੂਰ ਹਨ। ਪਿਛਲੇ ਕੁਝ ਸਾਲਾਂ ਤੋਂ ਮਾਲਵਾ ਪੱਟੀ 'ਚ ਨਰਮੇ ਦੀ ਫਸਲ ਨਾਲ ਨੁਕਸਾਨ ਹੋਣ ਕਾਰਨ ਉੱਥੋਂ ਦੇ ਕਿਸਾਨਾਂ ਨੇ ਨਰਮੇ ਦੀ ਥਾਂ ਝੋਨੇ ਦੀ ਬਿਜਾਈ ਕਰਨੀ ਸ਼ੁਰੂ ਕਰ ਦਿੱਤੀ ਹੈ। ਨਰਮੇ ਦਾ ਬੀਜ ਵੀ ਘਟੀਆ ਮਿਲ ਰਿਹਾ ਹੈ ਤੇ ਨਰਮੇ ਦੀ ਫਸਲ 'ਤੇ ਚਿੱਟੀ ਤੇ ਗੁਲਾਬੀ ਸੁੰਡੇ ਦੇ ਹਮਲੇ ਕਾਰਨ ਕਿਸਾਨ ਇਸ ਫਸਲ ਤੋਂ ਪਿਛਾਂਹ ਹਟਣ ਲੱਗੇ ਹਨ। ਕਿਸਾਨ ਆਗੂ ਨੇ ਕਿਹਾ ਕਿ ਸਿਰਫ ਝੋਨੇ ਦੀ ਫਸਲ 'ਤੇ ਹੀ ਕਿਸਾਨਾਂ ਨਿਰਧਾਰਤ ਐੱਮ ਐੱਸ ਪੀ ਮਿਲਦੀ ਹੈ ਜਦੋਂਕਿ ਬਾਕੀ ਫਸਲਾਂ 'ਤੇ ਨਹੀਂ।

### ਡੀ ਐੱਸ ਆਰ ਵਿਧੀ ਤੇ ਬਾਸਮਤੀ ਦੀ ਵਧੇਰੇ ਬਿਜਾਈ ਕਾਰਨ ਵਧਿਆ ਰਕਬਾ

ਖੇਤੀਬਾੜੀ ਵਿਭਾਗ ਦੇ ਡਾਇਰੈਕਟਰ ਡਾ. ਜਸਵੰਤ ਸਿੰਘ ਦਾ ਕਹਿਣਾ ਹੈ ਕਿ ਪਿਛਲੇ ਕੁਝ ਸਾਲਾਂ ਤੋਂ ਨਰਮੇਂ 'ਤੇ ਗੁਲਾਬੀ ਸੁੰਡੀ ਦਾ ਹਮਲਾ ਹੋਣ ਕਾਰਨ ਤੇ ਨਰਮੇ ਦਾ ਸਹੀ ਮੁੱਲ ਨਾ ਮਿਲਣ ਕਾਰਨ ਨਰਮਾ ਪੱਟੀ ਦੇ ਕਿਸਾਨਾਂ ਨੇ ਵੀ ਝੋਨੇ ਦੀ ਬਿਜਾਈ ਹੇਠਲਾ ਰਕਬਾ ਵੀ 2.50 ਲੱਖ ਏਕੜ ਤੱਕ ਪੁੱਜ ਗਿਆ ਹੈ। ਇਹੀ ਕਾਰਨ ਕਿ ਝੋਨੇ ਹੇਠਲੇ ਰਕਬੇ 'ਚ ਵਾਧਾ ਦਰਜ ਕੀਤਾ ਗਿਆ ਹੈ। ਡਾ. ਜਸਵੰਤ ਸਿੰਘ ਦਾ ਮੰਨਣਾ ਹੈ ਕਿ ਸੂਬੇ 'ਚ ਬਾਸਮਤੀ ਹੇਠਲਾ ਰਕਬਾ ਵੀ ਲਗਾਤਾਰ ਵਧਿਆ ਹੈ। ਕਿਸਾਨਾਂ ਵੱਲੋਂ ਵਿਭਾਗ ਦੀ ਸਲਾਹ ਮੁਤਾਬਕ ਘੱਟ ਸਮੇਂ ਵੀ 'ਚ ਪੱਕਣ ਵਾਲੀਆਂ ਕਿਸਮਾਂ, ਜਿਨ੍ਹਾਂ ਨੂੰ ਪੀ ਆਰ-126 ਸ਼ਾਮਲ ਹੈ, ਦੀ ਵਧੇਰੇ ਬਿਜਾਈ ਕੀਤੀ ਜਾ ਰਹੀ ਹੈ। ਵਧੇਰੇ ਪਾਣੀ ਲੈਣ ਵਾਲੀ ਫੂਸਾ ਦੀ ਬਿਜਾਈ ਬੰਦ ਹੋ ਗਈ ਤੇ ਇਸ ਸਾਲ ਸਿਰਫ ਕੁੱਲ ਰਕਬੇ ਦਾ ਇਕ ਫੀਸਦੀ ਹੀ ਫੂਸਾ ਹੇਠਲਾ ਰਕਬਾ ਹੈ।

### ਪੰਜਾਬ ਦੇ 114 ਬਲਾਕ ਹਨ ਡਾਰਕ ਜੋਨ 'ਚ

ਧਰਤੀ ਹੇਠਲੇ ਪਾਣੀ ਦੇ ਸਰੋਤਾਂ ਦੀ ਸਥਿਤੀ ਬਾਰੇ 2023 ਦੀ ਕੌਮੀ ਸੰਗ੍ਰਹਿ ਰਿਪੋਰਟ ਮੁਤਾਬਕ ਪੰਜਾਬ ਕੋਲ ਸਾਲਾਨਾ ਵਰਤੋਂ ਲਈ ਧਰਤੀ ਹੇਠਲਾ ਪਾਣੀ 16.98 ਬੀ. ਸੀ. ਐੱਮ (ਬਿਲੀਅਨ ਕਿਊਸਿਕ ਮੀਟਰ) ਹੈ ਜਦੋਂ ਕਿ ਹਰ ਸਾਲ 27.8 ਬੀ.ਸੀ.ਐੱਮ ਪਾਣੀ ਕੱਢਿਆ ਜਾ ਰਿਹਾ ਹੈ, ਜੋ 163.76 ਫੀਸਦੀ ਬਣਦਾ ਹੈ। ਸੂਬੇ ਦੇ 150 ਬਲਾਕਾਂ 'ਚੋਂ 114 ਬਲਾਕ ਡਾਰਕ ਜ਼ੋਨ 'ਚ ਹਨ, ਜਿਹੜੇ ਸਮਰੱਥਾ ਤੋਂ ਵੱਧ (76.47 ਫੀਸਦੀ) ਪਾਣੀ ਕੱਢਣ ਵਾਲੇ ਬਲਾਕ ਮੰਨੇ ਜਾਂਦੇ ਹਨ। ਇਸ ਤੋਂ ਇਲਾਵਾ 3 ਗੰਭੀਰ ਕੈਟੇਗਰੀ, 13 ਘੱਟ-ਗੰਭੀਰ ਹਨ ਜਦੋਂ ਕਿ ਸਿਰਫ 20 ਬਲਾਕ ਹੀ ਅਜਿਹੇ ਜਿਨ੍ਹਾਂ ਨੂੰ ਸੁਰੱਖਿਅਤ ਜਾ ਰਿਹਾ ਹੈ। ਜੇਕਰ ਧਰਤੀ ਹੇਠਲੇ ਪਾਣੀ ਦੀ ਵਰਤੋਂ ਇਸੇ ਰਫਤਾਰ ਨਾਲ ਹੁੰਦੀ ਰਹੀ ਤਾਂ ਉਹ ਦਿਨ ਦੂਰ ਨਹੀਂ ਜਦੋਂ ਪੰਜਾਬ ਦੇ ਸਾਰੇ ਬਲਾਕ ਹੀ ਡਾਰਕ ਜ਼ੋਨ ਬਣ ਜਾਣਗੇ। ਖੇਤਰਫਲ ਦੇ ਹਿਸਾਬ ਨਾਲ ਦੇਖਿਆ ਜਾਵੇ ਤਾਂ ਪੰਜਾਬ ਦਾ ਕੁੱਲ ਖੇਤਰਫਲ 50362 ਵਰਗ ਕਿਲੋਮੀਟਰ ਹੈ, ਜਿਸ 'ਚੋਂ 50175.25 ਵਰਗ ਕਿਲੋਮੀਟਰ ਰਿਚਾਰਜ ਖੇਤਰ ਹੈ। ਇਸ 'ਚੋਂ 36515.30 ਵਰਗ ਕਿਲੋਮੀਟਰ (72.8 ਫੀਸਦੀ) ਖੇਤਰ ਸਮਰੱਥਾ ਤੋਂ ਵੱਧ (ਓਵਰ ਐਕਸਪੋਲਾਇਟਿਡ) ਪਾਣੀ ਕੱਢਣ ਵਾਲਾ ਹੈ, ਭਾਵ ਡਾਰਕ ਜ਼ੋਨ 'ਚ ਸ਼ਾਮਲ ਹੈ।

# ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਆਉਣ ਵਾਲੇ ਸ਼ਰਧਾਲੂਆਂ ਨੂੰ ਦਿੱਤਾ ਜਾਵੇਗਾ ਗੁਰੂ ਨਾਨਕ ਦੇਵ ਜੀ ਦੇ ਖੇਤਾਂ 'ਚ ਲੱਗੀਆਂ ਖਜੂਰਾਂ ਦਾ ਪ੍ਰਸ਼ਾਦ

ਪਾਕਿਸਤਾਨ ਦੇ ਜ਼ਿਲ੍ਹਾ ਨਾਰੋਵਾਲ ਸਥਿਤ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਲਾਂਘੇ ਰਾਹੀਂ ਜਾਣ ਵਾਲੇ ਭਾਰਤੀ ਸ਼ਰਧਾਲੂਆਂ ਨੂੰ ਗੁਰੂ ਨਾਨਕ ਦੇਵ ਜੀ ਦੇ ਨਾਂਅ 'ਤੇ ਲਗਾਏ 'ਬਾਬਾਂ ਜੀ ਦੇ ਬਾਗ' ਵਿਚ ਲੱਗੀਆਂ ਖਜੂਰਾਂ ਦਾ ਪ੍ਰਸ਼ਾਦ ਦਿੱਤਾ ਜਾਵੇਗਾ। ਕਰਤਾਰਪੁਰ ਪ੍ਰੋਜੈਕਟ ਮੈਨੇਜਮੈਂਟ ਯੂਨਿਟ (ਪੀ. ਐੱਮ. ਯੂ.) ਦੇ ਡਿਪਟੀ ਸਕੱਤਰ (ਪ੍ਰਬੰਧਨ) ਸੈਫੁੱਲਾ ਖੋਖਰ ਨੇ ਨਾਲ ਇਹ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਸੰਗਤ ਨੂੰ ਪ੍ਰਸ਼ਾਦ ਵਜੋਂ ਦੇਣ ਲਈ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਬਾਹਰਵਾਰ 'ਬਾਬਾ ਜੀ ਦੇ ਬਾਗ' ਵਿਚ ਖਜੂਰਾਂ ਸਮੇਤ ਅੰਬ, ਸੰਗਤਰੇ, ਕੇਲੇ, ਮੁਸੰਮੀਆਂ, ਅਮਰੂਦ ਆਦਿ ਦੇ ਰੁੱਖ ਵੀ ਲਗਾਏ ਗਏ ਹਨ। ਖੋਖਰ ਨੇ ਦੱਸਿਆ ਕਿ ਗੁਰਦੁਆਰਾ ਸਾਹਿਬ ਦਾ ਲੰਗਰ 'ਖੇਤੀ ਸਾਹਿਬ' (ਗੁਰੂ ਨਾਨਕ ਦੇਵ



ਜੀ ਦੇ ਖੇਤ) ਵਿਚ ਲਗਾਈਆਂ ਸਬਜ਼ੀਆਂ ਅਤੇ ਦਾਲਾਂ ਨਾਲ ਤਿਆਰ ਕੀਤਾ ਜਾ ਰਿਹਾ ਹੈ। ਇਹ ਸਬਜ਼ੀਆਂ ਅਤੇ ਹੋਰ ਫਸਲਾਂ ਦੀ ਪੈਦਾਵਾਰ ਗੁਰਦੁਆਰਾ ਸਾਹਿਬ ਦੇ ਬਿਲਕੁਲ ਨਜ਼ਦੀਕ 64 ਏਕੜ 'ਚ ਕੀਤੀ ਗਈ ਹੈ। ਖੋਖਰ ਨੇ ਇਹ ਵੀ ਦੱਸਿਆ ਕਿ ਪੀ. ਐੱਮ. ਯੂ. ਵਲੋਂ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤਿ ਦਿਹਾੜੇ ਮੌਕੇ 21 ਸਤੰਬਰ ਨੂੰ ਗੁਰਦੁਆਰਾ ਸਾਹਿਬ ਦੇ ਬਾਹਰਵਾਰ 'ਭਾਈ ਅਜੀਤ ਜੀ ਬਾਜ਼ਾਰ' ਵਿਚ ਭਾਈ ਮਰਦਾਨਾ ਬੁੱਤ ਲਗਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਫਾਈਬਰ ਗਲਾਸ ਅਤੇ ਕਾਂਸੇ ਨਾਲ ਬਣਾਇਆ ਗਿਆ ਇਹ ਬੁੱਤ ਮਹਾਰਾਜਾ ਰਣਜੀਤ ਸਿੰਘ ਦੇ ਵਿਦੇਸ਼ ਮੰਤਰੀ ਫਕੀਰ ਅਜ਼ੀਜ਼ੂਦੀਨ ਦੇ ਵੰਸ਼ਜ ਫਕੀਰ ਸੈਫੂਦੀਨ ਦੀ ਦੇਖ-ਰੇਖ 'ਚ ਲਾਹੌਰ ਦੇ ਭਾਟੀ ਦਰਵਾਜੇ ਦੇ ਅੰਦਰ ਸਥਿਤ 'ਫਕੀਰਖਾਨਾ ਮਿਊਜ਼ੀਅਮ' ਵਿਖੇ ਮਾਹਿਰ ਕਾਰੀਗਰਾਂ ਵਲੋਂ ਤਿਆਰ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸ੍ਰੀ ਕਰਤਾਰਪੁਰ ਸਾਹਿਬ 'ਚ ਸਥਾਖਿਤ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਬੁੱਤ ਵੀ ਫਕੀਰ ਸੈਫੂਦੀਨ ਨੇ ਹੀ ਤਿਆਰ ਕੀਤਾ ਹੈ।

# ਵਧੀਆ ਵਾਧੇ ਲਈ ਬੂਟੇ ਵੀ ਵਾਧੂ ਦੇਖਭਾਲ ਚਾਹੁੰਦੇ ਹਨ



ਫਲ-ਬੂਟਿਆਂ ਨੂੰ ਉਗਾਉਣਾ ਨਾ ਸਿਰਫ ਵਾਤਾਵਰਨ ਪ੍ਰਦੂਸ਼ਣ ਨੂੰ ਸੋਖ ਕੇ ਸਾਨੂੰ ਸਾਫ-ਸੁਥਰਾ ਵਾਤਾਵਰਨ ਮੁਹੱਈਆ ਕਰਾਉਂਦਾ ਹੈ, ਸਗੋਂ ਸਾਡੀ ਤਣਾਅ, ਮਾੜੀ ਚਿੰਤਾ, ਗੁੱਸੇ ਅਤੇ ਨਫਰਤ ਵਰਗੇ ਨਕਾਰਾਤਮਿਕ ਮਨੋਭਾਵਾਂ ਨੂੰ ਆਪਣੇ ਵਿਚ ਸੋਖ ਕੇ ਸਾਨੂੰ ਸਕਾਰਾਤਮਿਕ ਊਰਜਾ ਅਤੇ ਮਨੋਭਾਵਾਂ ਨਾਲ ਓਤ-ਪੋਤ ਕਰ ਦਿੰਦਾ ਹੈ। ਬੂਟਿਆਂ ਨੂੰ ਉਗਾਉਣਾ, ਉਨ੍ਹਾਂ ਦੀ ਦੇਖਭਾਲ ਕਰਨੀ ਅਤੇ ਉਨ੍ਹਾਂ ਦੀ ਪੈਦਾਵਰ ਤੋਂ ਲਾਭ ਕਮਾਉਣਾ ਇਕ ਵਪਾਰ ਹੋ ਸਕਦਾ ਹੈ ਪਰ ਇਹ ਇਕ ਰਚਨਾਤਮਿਕ ਕੰਮ ਵੀ ਹੈ। ਖਾਸ ਤੌਰ 'ਤੇ ਸ਼ੌਕੀਆ ਬਾਗਵਾਨੀ ਜਾਂ ਗਮਲਿਆਂ ਵਿਚ ਬੂਟੇ ਉਗਾਉਣ ਅਤੇ ਰਚਨਾਤਮਿਕ ਕੰਮ ਨਾਲ ਨਾ ਸਿਰਫ ਸਾਡੀ ਊਰਜਾ ਦੇ ਪੱਧਰ ਵਿਚ ਵਾਧਾ ਹੁੰਦਾ ਹੈ, ਸਗੋਂ ਜੀਵਨ ਦੇ ਹੋਰ ਖੇਤਰਾਂ ਵਿਚ ਵੀ ਸਾਡੀ ਤਾਕਤ ਅਤੇ ਕੰਮ ਕਰਨ ਦੀ ਸਮਰੱਥਾ ਵਿਚ ਵਾਧਾ ਹੁੰਦਾ ਹੈ। ਜਦੋਂ ਨਿਰਾਸ਼ਤਾ ਭਾਰੂ ਹੋ ਜਾਵੇ, ਨਿਰਾਸ਼ਾ ਨਾਲ ਨੀਂਦ ਨਾ ਆਵੇ ਅਤੇ ਉਦਾਸੀ ਦਾ ਅੰਤ ਨਾ ਹੋਵੇ ਤਾਂ ਇਸ ਤਰ੍ਹਾਂ ਹੋਣ 'ਤੇ ਸਰੀਰ ਦੇ ਤਣੇ ਹੋਏ ਤੰਤੂਆਂ ਨੂੰ ਤਣਾਅ-ਮੁਕਤ ਕਰਨ ਲਈ ਤੇ ਮਨ-ਦਿਮਾਗ ਨੂੰ ਸ਼ਾਂਤ ਕਰਨ ਅਤੇ ਸ਼ਾਂਤ ਰੱਖਣ ਲਈ ਮਨੋਵਿਗਿਆਨੀ ਹੁਣ ਖੇਤੀਬਾੜੀ ਅਤੇ ਬਾਗਬਾਨੀ ਕਰਨ ਦੀ ਸਲਾਹ ਦਿੰਦੇ ਹਨ। ਬੀਜਾਂ ਦਾ ਪੁੰਗਰਨਾ, ਕਲਮਾਂ ਦੀਆਂ ਗੰਢਾਂ ਤੋਂ ਪੱਤੀਆਂ ਦਾ ਵਿਕਸਿਤ ਹੋਣਾ, ਬੂਟਿਆਂ ਦਾ ਵਧਣਾ, ਨਿਰੰਤਰ ਨਵੇਂ-ਨਵੇਂ ਪੱਤਿਆਂ ਦਾ ਆਉਣਾ ਅਤੇ ਉਨ੍ਹਾਂ ਦੇ ਰੰਗ ਵਿਚ ਬਦਲਾਅ



ਹੋਣ ਕਲੀਆਂ ਦਾ ਦ੍ਰਿਸ਼ਟੀਗੋਚਰ ਹੋਣਾ ਅਤੇ ਫੁੱਲਾਂ ਦਾ ਖਿੜਨਾ ਇਹ ਸਭ ਇਸ ਤਰ੍ਹਾਂ ਦੀਆਂ ਕਿਰਿਆਵਾਂ ਹਨ, ਜਿਨ੍ਹਾਂ ਨੂੰ ਦੇਖਣਾ ਸਾਨੂੰ ਕੁਦਰਤ ਨਾਲ ਜੋੜ ਕੇ ਸਾਡੇ ਵਿਚ ਇਕ ਨਵੀਂ ਚੁਸਤੀ ਤੇ ਇਕ ਨਵੀਂ ਚੇਤਨਾ ਭਰ ਦਿੰਦਾ ਹੈ।

ਸਰਦੀਆਂ ਵਿਚ ਰੁੰਡ-ਮੁਰੰਡ ਹੋਏ ਬੂਟਿਆਂ 'ਤੇ ਜਦੋਂ ਬਸੰਤ ਦੇ ਮੌਸਮ ਵਿਚ ਉਸ ਦੀਆਂ ਗੰਢਾਂ ਉੱਗਣ ਲਗਦੀਆਂ ਹਨ, ਫਲ-ਪੱਤਿਆਂ ਨਾਲ ਆਪਣਾ ਰੰਗ ਬਿਖੇਰਨ ਲਗਦਾ ਹੈ ਤਾਂ ਉਸ ਨੂੰ ਦੇਖ ਕੇ ਸਾਡਾ ਮਨ ਵੀ ਪ੍ਰਸੰਨ ਹੋਣ ਲਗਦਾ ਹੈ। ਸਾਡੀ ਕਲਪਨਾਸ਼ੀਲਤਾ ਦਾ ਵਿਕਾਸ ਹੁੰਦਾ ਹੈ ਅਤੇ ਰਚਨਾਤਮਿਕਤਾ ਦੇ ਪੱਧਰ ਵਿਚ ਵਾਧਾ ਹੁੰਦਾ ਹੈ।

ਮਨ ਖੁਸ਼ ਹੋਵੇ ਤਾਂ ਤਨ ਦੇ ਖੁਸ਼ ਭਾਵ ਸਿਹਤਮੰਦ ਹੋਣ ਵਿਚ ਦੇਰ ਨਹੀਂ ਲਗਦੀ। ਕੁਦਰਤ ਆਪਣੇ ਨਵੇਂ-ਨਵੇਂ ਰੂਪਾਂ ਵਿਚ ਪੈਦਾ ਹੋਣ ਲਗਦੀ ਹੈ। ਕੁਦਰਤ ਦੀ ਇਸ ਅਨੋਖੀ ਰਚਨਾਤਮਿਕਤਾ ਨੂੰ ਦੇਖ ਕੇ ਅਸੀਂ ਖੁਦ ਰਚਨਾਤਮਿਕ ਹੋਣ ਲਗਦੇ ਹਾਂ। ਇਕ ਕਲਾਕਾਰ ਬਣ ਜਾਂਦੇ ਹਾਂ ਅਤੇ ਦੁਬਾਰਾ ਦੁੱਗਣੀ ਸ਼ਕਤੀ ਨਾਲ ਬੂਟਿਆਂ ਦੀ ਦੇਖਭਾਲ ਕਰਨ 'ਚ ਲੱਗ ਜਾਂਦੇ ਹਾਂ।

ਬੂਟਿਆਂ ਦੀ ਦੇਖਭਾਲ, ਕਾਂਟ-ਛਾਂਟ, ਠੀਕ ਮਾਤਰਾ ਵਿਚ ਖਾਦ-ਪਾਣੀ ਦੇਣਾ, ਉਨ੍ਹਾਂ ਨੂੰ ਸਲੀਕੇ ਨਾਲ ਰੱਖਣਾ ਅਤੇ ਸਜਾਉਣਾ-ਸੰਵਾਰਨਾ ਸਾਡੇ ਖੁਦ ਦੇ ਅੰਦਰ ਇਕ ਚੰਗੀ ਅਵਸਥਾ ਨੂੰ ਪੈਦਾ ਕਰ ਦਿੰਦਾ ਹੈ। ਅਸੀਂ ਆਪਣੇ ਜੀਵਨ ਵਿਚ ਜ਼ਿਆਦਾ ਤੋਂ ਜ਼ਿਆਦਾ ਰੁੱਝੇ ਰਹਿਣ ਲਗਦੇ ਹਾਂ ਅਤੇ ਇਸ ਸਭ ਦਾ ਸਾਡੀ ਸਿਹਤ 'ਤੇ ਹਾਂਪੱਖੀ ਪ੍ਰਭਾਵ ਪੈਂਦਾ ਹੈ। ਬੂਟਿਆਂ ਦੀ ਕਾਂਟ-ਛਾਂਟ ਜਾਂ ਪਰੂਨਿੰਗ ਅਤੇ ਉਸ ਤੋਂ ਬਾਅਦ ਨਵੀਆਂ-ਨਵੀਆਂ ਕੋਂਪਲਾਂ ਦਾ ਵਿਕਸਿਤ ਹੋਣਾ ਇਸ ਗੱਲ ਦਾ ਪ੍ਰਤੀਕ ਹੈ ਕਿ ਅਸੀਂ ਆਪਣੇ ਕਨ ਵਿਚ ਸਮਾਏ ਨਕਾਰਾਤਮਿਕ ਅਤੇ ਅਣਉਪਯੋਗੀ ਵਿਚਾਰਾਂ ਤੋਂ ਮੁਕਤ ਹੋ ਕੇ ਉਨ੍ਹਾਂ ਦੀ ਥਾਂ 'ਤੇ ਉਪਯੋਗੀ ਤੇ ਸਕਾਰਾਤਮਿਕ ਵਿਚਾਰਾਂ ਨੂੰ ਗ੍ਰਹਿਣ ਕਰਨ ਲਈ ਤਤਪਰ ਹਾਂ। 'ਯੋਗ' ਵਿਚ ਵਰਣਿਤ ਯਗ ਅਤੇ ਨਿਯਮ ਦੀ ਤਰ੍ਹਾਂ ਜੀਵਨ ਵਿਚ ਸਕਾਰਾਤਮਿਕ ਦ੍ਰਿਸ਼ਟੀਕੋਣ ਦੇ ਵਿਕਾਸ ਲਈ ਇਹ ਜ਼ਰੂਰੀ ਹੈ। ਜੇਕਰ ਬਾਗਬਾਨੀ ਦੇ ਰੂਪ ਵਿਚ ਇਸ ਕੁਦਰਤੀ ਸੁੰਦਰਤਾ ਦਾ ਨਿਰਮਾਣ ਅਸੀਂ ਖੁਦ ਕਰਦੇ ਹਾਂ ਤਾਂ ਸਾਨੂੰ ਜ਼ਿਆਦਾ ਆਨੰਦ ਆਉਂਦਾ ਹੈ। ਅਸੀਂ ਆਪਣੇ ਰਹਿਣ ਵਾਲੇ ਕਮਰੇ ਵਿਚ ਬਨਾਉਟੀ ਬੂਟਿਆਂ ਦੀ ਥਾਂ ਜੇਕਰ ਅਸਲੀ ਬੂਟੇ ਰੱਖਦੇ ਹਾਂ ਸਾਡੇ ਪੂਰੇ ਪਰਿਵਾਰ ਦੀ ਸਿਹਤ ਅਤੇ ਚਿੰਤਨ 'ਤੇ ਇਸ ਦਾ ਅਤਿ ਸਕਾਰਾਤਮਿਕ ਪ੍ਰਭਾਵ ਪੈਂਦਾ ਹੈ। ਇਸ ਨਾਲ ਸਾਨੂੰ ਨਾ ਸਿਰਫ ਕੁਦਰਤੀ ਵਾਤਾਵਰਨ ਮਿਲਦਾ ਹੈ, ਸਗੋਂ ਆਕਸੀਜਨ ਦੇ ਰੂਪ ਵਿਚ ਜ਼ਿਆਦਾ ਮਾਤਰਾ ਵਿਚ ਜੀਵਨ ਬਿਤਾਉਣ ਲਈ ਊਰਜਾ ਵੀ ਹਾਸਲ ਹੁੰਦੀ ਹੈ। ਸਾਡੀ ਸ਼ਕਤੀ ਅਤੇ ਊਰਜਾ ਦੇ ਪੱਧਰ ਵਿਚ ਵਾਧੇ ਦਾ ਸਿੱਧਾ ਜਿਹਾ ਅਰਥ ਹੈ ਸਾਡਾ ਜ਼ਿਆਦਾ ਤੋਂ ਜ਼ਿਆਦਾ ਸਿਹਤਮੰਦ ਅਤੇ ਉਤਸ਼ਾਹੀ ਹੋਣਾ।

ਜੰਗਲੀ ਘਾਹ-ਬੂਟੀਆਂ ਦੀ ਕਾਂਟ-ਛਾਂਟ ਨਾਲ ਉਦਾਸੀ ਘੱਟ ਹੁੰਦੀ ਹੈ ਅਤੇ ਹਰ ਰੋਜ਼ ਹਰਿਆਲੀ ਅਤੇ ਬੂਟੇ ਵਧਦੇ ਦੇਖ ਕੇ ਨਿਰਾਸ਼ਾ ਦੂਰ ਹੋ ਜੀਵਨ ਪ੍ਰਤੀ ਆਸ਼ਾ ਅਤੇ ਉਤਸ਼ਾਹ ਦਾ ਸੰਚਾਰ ਹੁੰਦਾ ਹੈ। ਕੁਦਰਤ ਨਾਲ ਨੇੜਤਾ ਕਰ ਕੇ ਜ਼ਿਆਦਾ ਤੋਂ ਜ਼ਿਆਦਾ ਅਨੰਦ ਦੀ ਪ੍ਰਾਪਤੀ ਕਰਨ ਨਾਲ ਪੂਰੀ ਤਰ੍ਹਾਂ ਸਿਹਤਮੰਦ ਅਤੇ ਉਤਸ਼ਾਹੀ ਬਣੇ ਰਹਿਣ ਲਈ ਅੱਜ ਹੀ ਬਾਗਬਾਨੀ ਨੂੰ ਆਪਣੀ ਜੀਵਨ ਸ਼ੈਲੀ ਦਾ ਜ਼ਰੂਰੀ ਅੰਗ ਬਣਾ ਲਓ।

**- ਸੀਤਾ ਰਾਮ ਗੁਪਤਾ**


ਬਠਿੰਡਾ ਕਿਸਾਨ ਮੇਲਾ - 27 ਸਤੰਬਰ, 2024 ਨੂੰ ਖੇਤੀ ਦੁਨੀਆਂ ਦੇ ਸਟਾਲ 'ਤੇ ਪਧਾਰੋ।

ਕਿਸਾਨਾਂ ਦੀ ਸੇਵਾ ਵਿੱਚ 1983 ਤੋਂ ਪ੍ਰਕਾਸ਼ਿਤ ਹੋਣ ਵਾਲਾ

ਖੇਤੀ ਦੁਨੀਆਂ

ਸੰਪੂਰਨ ਖੇਤੀਬਾੜੀ ਹਫਤਾਵਾਰੀ

ਇੱਕ ਸਾਲ ਵਿੱਚ 52 ਅੰਕ

ਹਰ ਹਫਤੇ ਖੇਤੀ ਅਤੇ ਸਹਾਇਕ ਧੰਦਿਆਂ ਦੀ ਨਵੀਨਤਮ ਜਾਣਕਾਰੀ ਪਾਓ

ਚੰਦਿਆਂ 'ਤੇ ਵਿਸ਼ੇਸ਼ ਛੂਟ

ਇੱਕ ਸਾਲ 400 ਰੁਪਏ

ਦੋ ਸਾਲ 700 ਰੁਪਏ

ਤਿੰਨ ਸਾਲ 1000 ਰੁਪਏ

KHETI DUNIYAN
TID - 62763351

ਚੰਦੇ ਭਰਨ ਲਈ QR ਕੋਡ ਸਕੈਨ ਕਰੋ।

ਇਹ ਸਕੀਮ ਸਿਰਫ ਕਿਸਾਨ ਮੇਲੇ 'ਤੇ ਲਾਗੂ ਹੋਵੇਗੀ।

ਹੋਰ ਜਾਣਕਾਰੀ ਲਈ ਸੰਪਰਕ ਕਰੋ : 90410-14575, 98151-04575



# ਗਾਜਰ ਬੂਟੀ ਦੇ ਨੁਕਸਾਨ ਅਤੇ ਇਸ ਦੀ ਰੋਕਥਾਮ

ਅਮਨਦੀਪ ਕੌਰ ਤੇ ਸਿਮਰਜੀਤ ਕੌਰ,
ਪੀ. ਏ. ਯੂ., ਲੁਧਿਆਣਾ

ਗਾਜਰ ਬੂਟੀ, ਜਿਸ ਨੂੰ ਕਾਂਗਰਸ ਘਾਹ, ਗਾਜਰ ਘਾਹ, ਸਫੈਦ ਟੋਪੀ ਅਤੇ ਪਾਰਥੀਨੀਅਮ ਬੂਟੀ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ, ਇਕ ਖਤਰਨਾਕ ਨਦੀਨ ਹੈ ਜੋ ਕਿ ਅਣ-ਵਾਹੀਆਂ ਜ਼ਮੀਨਾਂ, ਖੇਤਾਂ ਦੀਆਂ ਵੱਟਾਂ, ਰਸਤਿਆਂ, ਸੜਕਾਂ ਦੇ ਕਿਨਾਰਿਆਂ, ਰੇਲਵੇ ਲਾਈਨਾਂ ਦੇ ਦੁਆਲੇ, ਬਾਗਾਂ ਅਤੇ ਹੋਰ ਦਰੱਖਤਾਂ ਵਾਲੀਆਂ ਥਾਵਾਂ ਅਤੇ ਖਾਲੀ ਪਲਾਟਾਂ ਆਦਿ 'ਤੇ ਬਹੁਤ ਵੱਡੀ ਸਮੱਸਿਆ ਬਣਦਾ ਜਾ ਰਿਹਾ ਹੈ । ਇਸ ਨਦੀਨ ਦਾ ਬੀਜ 1955 ਵਿਚ ਅਮਰੀਕਾ ਤੋਂ ਆਯਾਤ ਕੀਤੀ ਕਣਕ ਨਾਲ ਭਾਰਤ ਪਹੁੰਚਿਆ ਸੀ, ਜੋ ਅਗਲੇ 5 ਸਾਲਾਂ ਵਿਚ ਪੂਰੇ ਭਾਰਤ ਵਿਚ ਫੈਲ ਗਿਆ ਸੀ ।

ਹੁਣ ਤੱਕ ਇਹ ਨਦੀਨ ਭਾਰਤ ਵਿਚ ਤਕਰੀਬਨ 35 ਮਿਲੀਅਨ ਹੈਕਟੇਅਰ ਰਕਬੇ ਵਿਚ ਫੈਲ ਚੁੱਕਾ ਹੈ । ਪੰਜਾਬ ਦੇ ਹਰ ਪਿੰਡ, ਸ਼ਹਿਰ ਅਤੇ ਕਸਬੇ ਵਿਚ ਵੀ ਇਸ ਬੂਟੀ ਦੀ ਬਹੁਤ ਭਰਮਾਰ ਹੈ ਅਤੇ ਅਜਿਹਾ ਕੋਈ ਵੀ ਇਲਾਕਾ ਨਹੀਂ, ਜਿਥੇ ਇਹ ਬੂਟੀ ਨਾ ਮਿਲਦੀ ਹੋਵੇ । ਇਸ ਦੇ ਬੂਟੇ ਫਰਵਰੀ ਮਹੀਨੇ ਤੋਂ ਉੱਗਣਾ ਸ਼ੁਰੂ ਕਰਦੇ ਹਨ ਅਤੇ ਨਵੰਬਰ ਤੱਕ ਉੱਗਦੇ ਰਹਿੰਦੇ ਹਨ । ਇਸ ਬੂਟੀ ਦਾ ਇਕ ਬੂਟਾ 10,000 ਤੋਂ ਲੈ ਕੇ 25,000 ਬੀਜ ਪੈਦਾ ਕਰਨ ਦੀ ਸਮਰੱਥਾ ਰੱਖਦਾ ਹੈ ।

ਇਸ ਬੂਟੀ ਦਾ ਸਭ ਤੋਂ ਜ਼ਿਆਦਾ ਵਾਧਾ ਬਰਸਾਤ ਦੇ ਮੌਸਮ ਵਿਚ ਹੁੰਦਾ ਹੈ । ਸਰਦੀਆਂ ਵਿਚ ਅਤੇ ਜ਼ਿਆਦਾ ਪਾਣੀ ਖੜ੍ਹਨ ਵਾਲੀ ਸਥਿਤੀ ਵਿਚ ਇਸ ਦੇ ਬੂਟੇ ਸੁੱਕ ਜਾਂਦੇ ਹਨ । ਇਸ ਦੇ ਪੌਦੇ 2 ਮੀਟਰ ਤੱਕ ਉੱਚਾਈ ਪ੍ਰਾਪਤ ਕਰ ਸਕਦੇ ਹਨ । ਸੂਰਜ ਦੀ ਰੌਸ਼ਨੀ ਅਤੇ ਤਾਪਮਾਨ ਦਾ ਕੋਈ ਜ਼ਿਆਦਾ ਅਸਰ ਨਾ ਹੋਣ ਕਰਕੇ ਇਹ ਨਦੀਨ ਹਰ ਤਰ੍ਹਾਂ ਦੇ ਵਾਤਾਵਰਨ ਵਿਚ ਹੋ ਸਕਦੇ ਹਨ ਅਤੇ ਸਾਲ ਵਿਚ ਤਕਰੀਬਨ 4-5 ਵਾਰ ਉੱਗਦੇ ਹਨ ।

ਜੜ੍ਹਾਂ ਡੂੰਘੀਆਂ ਹੋਣ ਕਰਕੇ ਇਹ ਨਦੀਨ ਘੱਟ ਪਾਣੀ ਵਾਲੀ ਥਾਂ 'ਤੇ ਬੜੀ ਆਸਾਨੀ ਨਾਲ ਹੋ ਜਾਂਦੇ ਹਨ । ਗਾਜਰ ਬੂਟੀ ਦਾ ਵਾਧਾ ਬਹੁਤ ਤੇਜ਼ੀ ਨਾਲ ਹੁੰਦਾ ਹੈ ਅਤੇ ਇਹ ਆਪਣੇ ਆਸ-ਪਾਸ ਕਿਸੇ ਹੋਰ ਬੂਟੇ ਨੂੰ ਨਹੀਂ ਉੱਗਣ ਦਿੰਦਾ । ਸ਼ੁਰੂ ਵਿਚ ਇਹ ਨਦੀਨ ਸਿਰਫ ਖਾਲੀ ਥਾਵਾਂ ਵਿਚ ਹੀ ਪਾਇਆ ਜਾਂਦਾ ਸੀ, ਪਰ ਅੱਜਕੱਲ੍ਹ ਇਸ ਦਾ ਹਮਲਾ ਬਹੁਤ ਸਾਰੀਆਂ ਫਸਲਾਂ ਜਿਵੇਂ ਕਿ ਕਮਾਦ, ਸਿੱਧੀ ਬਿਜਾਈ ਵਾਲਾ ਝੋਨਾ, ਕਣਕ, ਬਰਸੀਮ, ਪੁਦੀਨਾ ਅਤੇ ਸਬਜ਼ੀਆਂ ਆਦਿ ਵਿਚ ਵੀ ਦੇਖਿਆ ਜਾਂਦਾ ਹੈ ।

### ਗਾਜਰ ਘਾਹ ਦੇ ਨੁਕਸਾਨ

ਇਹ ਨਦੀਨ ਮਨੁੱਖਾਂ ਵਿਚ ਕਈ ਤਰ੍ਹਾਂ ਦੇ ਰੋਗ ਜਿਵੇਂ ਕਿ ਅਲਰਜੀ, ਦਮਾ, ਬੁਖਾਰ, ਅਤੇ ਚਮੜੀ ਦੇ ਰੋਗ ਪੈਦਾ ਕਰਦਾ ਹੈ । ਪਸ਼ੂਆਂ ਲਈ ਵੀ ਇਹ ਨਦੀਨ ਖਤਰਨਾਕ ਹੈ, ਕਿਉਂਕਿ ਇਸ ਦੇ ਸੰਪਰਕ ਵਿਚ ਆਉਣ 'ਤੇ ਪਸ਼ੂ ਚਮੜੀ ਰੋਗ ਦੇ ਸ਼ਿਕਾਰ ਹੋ ਜਾਂਦੇ ਹਨ । ਇਸ ਤੋਂ ਇਲਾਵਾ ਇਸ ਨੂੰ ਖਾਣ ਨਾਲ ਪਸ਼ੂਆਂ ਵਿਚ ਦੁੱਧ ਦਾ ਸੁਆਦ ਖਰਾਬ ਹੋਣ ਦੇ ਨਾਲ-ਨਾਲ ਹੋਰ ਰੋਗ ਪੈਦਾ ਹੁੰਦੇ ਹਨ ।

ਇਸ ਨਦੀਨ ਵਿਚ ਪਾਰਥੀਨਿਨ, ਹਿਸਟੈਰਿਨ, ਹਾਈਮੈਨਿਨ ਅਤੇ ਐਂਬਰੋਜ਼ਿਮ ਨਾਂ ਦੇ ਤੱਤ ਪਾਏ ਜਾਂਦੇ ਹਨ, ਜੋ ਕਿ ਦੂਸਰੇ ਬੂਟਿਆਂ ਦੇ ਉੱਗਣ ਅਤੇ ਵਾਧੇ 'ਤੇ ਬੁਰਾ ਅਸਰ ਪਾਉਂਦੇ ਹਨ । ਇਸ ਤਰ੍ਹਾਂ ਇਹ ਨਦੀਨ ਫਸਲਾਂ ਦੇ ਝਾੜ ਵਿਚ ਕਾਫੀ ਨੁਕਸਾਨ ਕਰ ਸਕਦਾ ਹੈ । ਇਹ ਨਦੀਨ ਬਹੁਤ ਸਾਰੇ ਕੀੜੇ ਮਕੌੜਿਆਂ ਜਿਵੇਂ ਕਿ ਚਿੱਟੀ ਮੱਖੀ, ਮਿਲੀਬੱਗ, ਚੇਪਾ, ਭੱਬੂ ਕੁੱਤਾ ਅਤੇ ਪੱਤਾ ਮਰੋੜ ਬੀਮਾਰੀ ਲਈ ਬਦਲਵੇਂ ਮੇਜ਼ਬਾਨ ਵਜੋਂ ਕੰਮ ਕਰਦਾ ਹੈ ।

### ਗਾਜਰ ਘਾਹ ਦੀ ਰੋਕਥਾਮ ਦੇ ਤਰੀਕੇ

ਗਾਜਰ ਘਾਹ ਦੀ ਰੋਕਥਾਮ ਦਾ ਸਭ ਤੋਂ ਵਧੀਆ ਤਰੀਕਾ ਇਹ ਹੈ ਕਿ ਇਸ ਦੇ ਬੂਟਿਆਂ ਨੂੰ ਫੁੱਲ ਆਉਣ ਤੋਂ ਪਹਿਲਾਂ ਵਾਰ-ਵਾਰ ਕੱਟ ਕੇ ਜੜ੍ਹ ਤੋਂ ਪੁੱਟ ਕੇ ਖਤਮ ਕੀਤਾ ਜਾਵੇ । ਇਸ ਤੋਂ ਬਾਅਦ ਪੁੱਟੇ ਹੋਏ ਬੂਟਿਆਂ ਨੂੰ ਇਕ ਥਾਂ 'ਤੇ ਇਕੱਠਾ ਕਰ ਕੇ ਸੁਕਾ ਕੇ ਦੱਬ ਦੇਣਾ ਚਾਹੀਦਾ ਹੈ । ਖਾਲੀ ਥਾਵਾਂ 'ਤੇ ਜ਼ਮੀਨ ਨੂੰ ਟਰੈਕਟਰ ਨਾਲ ਲਗਾਤਾਰ ਵਾਹੁੰਦੇ ਰਹਿਣਾ ਚਾਹੀਦਾ ਹੈ, ਤਾਂ ਜੋ ਹੌਲੀ-ਹੌਲੀ ਇਹ ਨਦੀਨ ਖਤਮ ਹੋ ਜਾਵੇ । ਨਦੀਨ ਨੂੰ ਕੱਟਣ ਜਾਂ ਪੁੱਟਣ ਤੋਂ ਪਹਿਲਾਂ ਹੱਥਾਂ 'ਤੇ ਦਸਤਾਨੇ ਪਾਉਣੇ ਅਤੇ ਸਰੀਰ ਨੂੰ ਚੰਗੀ ਤਰ੍ਹਾਂ ਢੱਕ ਲੈਣਾ ਬਹੁਤ ਜ਼ਰੂਰੀ ਹੁੰਦਾ ਹੈ ।

ਇਸ ਨਦੀਨ ਦਾ ਪ੍ਰਬੰਧਨ ਕਰਨ ਲਈ ਇਹ ਜ਼ਰੂਰੀ ਹੈ ਕਿ ਪਿੰਡ ਪੱਧਰ 'ਤੇ ਗਾਜਰ-ਬੂਟੀ ਰੋਕਥਾਮ ਮੁਹਿੰਮਾਂ ਚਲਾਈਆਂ ਜਾਣ । ਇਸ ਦੇ ਲਈ ਪੰਚਾਇਤਾ ਵੱਲੋਂ ਮਤਾ ਪਾਸ ਕਰਕੇ ਸਭ ਨਗਰ-ਨਿਵਾਸੀਆਂ ਦੀ ਮਦਦ ਨਾਲ ਇਸ ਦੀ ਰੋਕਥਾਮ ਕਰਨੀ ਚਾਹੀਦੀ ਹੈ । ਸਵੈ-ਸਹਾਇਤਾ ਗਰੁੱਪਾਂ, ਗੈਰ-ਸਰਕਾਰੀ ਅਦਾਰਿਆਂ ਅਤੇ ਸਕੂਲਾਂ/ਕਾਲਜਾਂ ਨੂੰ ਮਿਲ ਕੇ ਗਾਜਰ ਬੂਟੀ ਨੂੰ ਰੋਕਣ ਲਈ ਕਦਮ ਚੁੱਕਣੇ ਚਾਹੀਦੇ ਹਨ । ਹਰੇਕ ਵਿਅਕਤੀ ਨੂੰ ਆਪਣੇ ਪੱਧਰ ਤੇ ਆਪਣੇ ਘਰ ਦੇ ਆਸ-ਪਾਸ ਅਤੇ ਆਪਣੀ ਜ਼ਮੀਨ ਵਿਚੋਂ ਇਸ ਨਦੀਨ ਨੂੰ ਖਤਮ ਕਰਨ ਦੀ ਜ਼ਿੰਮੇਵਾਰੀ ਲੈਣੀ ਚਾਹੀਦੀ ਹੈ ।

ਇਸ ਤੋਂ ਇਲਾਵਾ ਇਸ ਨਦੀਨ ਬਾਰੇ ਆਮ ਲੋਕਾਂ ਨੂੰ ਅਖਬਾਰਾਂ, ਰਸਾਲਿਆਂ, ਰੇਡੀਓ ਅਤੇ ਟੀ.ਵੀ. ਦੇ ਮਾਧਿਅਮ ਰਾਹੀਂ ਜਾਗਰੂਕ ਕਰਨਾ ਚਾਹੀਦਾ ਹੈ, ਤਾਂ ਜੋ ਇਸ ਦੇ ਬੁਰੇ ਪ੍ਰਭਾਵਾਂ ਬਾਰੇ ਇਸ ਦੀ ਰੋਕਥਾਮ ਦੇ ਢੰਗਾਂ ਬਾਰੇ ਲੋਕ ਜਾਣੂ ਹੋ ਸਕਣ । ਜ਼ਿਲ੍ਹਾ ਲੁਧਿਆਣਾ ਦਾ ਪਿੰਡ ਮਨਸੂਰਾਂ ਗਾਜਰ ਬੂਟੀ ਦਾ ਵਧੀਆ ਢੰਗ ਨਾਲ ਰੋਕਥਾਮ ਕਰਨ ਦੀ ਇਕ ਜਿਉਂਦੀ-ਜਾਗਦੀ ਮਿਸਾਲ ਹੈ, ਜਿਸ ਨੂੰ 2016 ਵਿਚ ਭਾਰਤ ਦੀ ਪਹਿਲਾ 'ਗਾਜਰ ਬੂਟੀ-ਮੁਕਤ ਪਿੰਡ' ਬਣਨ ਦਾ ਮਾਣ ਹਾਸਿਲ ਹੋਇਆ ਸੀ । ਇਸ ਤਰ੍ਹਾਂ ਸਰਕਾਰਾਂ, ਗੈਰ ਸਰਕਾਰੀ ਸੰਸਥਾਵਾਂ ਅਤੇ ਆਮ ਲੋਕਾਂ ਦੇ ਸਾਂਝੇ ਉੱਦਮਾਂ ਨਾਲ ਹੀ ਇਸ ਨਦੀਨ ਦੀ ਰੋਕਥਾਮ ਕੀਤੀ ਜਾ ਸਕਦੀ ਹੈ ।

# ਵੱਖ-ਵੱਖ ਤਰ੍ਹਾਂ ਦੇ ਆਚਾਰ ਬਣਾਉਣ ਵਿਚ ਇਕ ਵੱਖਰੀ ਪਛਾਣ - ਸ੍ਰੀਮਤੀ ਸੰਦੀਪ ਕੌਰ

''ਉੱਦਮ ਅੱਗੇ ਲੱਛਮੀ, ਪੱਖੇ ਅੱਗੇ ਪੌਣ'' ਕਹਾਵਤ ਨੂੰ ਸਿੱਧ ਕਰ ਦਿਖਾਇਆ ਹੈ ਪਿੰਡ ਬਾਲੀਆਂ, ਜ਼ਿਲ੍ਹਾ ਸੰਗਰੂਰ ਦੀ ਵਸਨੀਕ, ਡਬਲ ਐੱਮ. ਏ. ਪਾਸ ਸੰਦੀਪ ਕੌਰ (39) ਨੇ । ਜਦੋਂ ਉਸਦਾ ਵਿਆਹ ਹੋਇਆ ਸੀ ਤਾਂ ਉਹ ਬੀ. ਏ. ਦੇ ਪਹਿਲੇ ਸਾਲ ਦੀ ਵਿਦਿਆਰਥਣ ਸੀ । ਉਸ ਦੇ ਸਹੁਰੇ ਪਰਿਵਾਰ ਨੇ ਦਾਜ ਦਾ ਲੋਭ ਨਾ ਕਰਦੇ ਹੋਏ ਇਕ ਮਿਹਨਤੀ ਕੁੜੀ ਦੀ ਚੋਣ ਕੀਤੀ ਅਤੇ ਅੱਗੇ ਉਨ੍ਹਾਂ ਨੂੰ ਡਬਲ ਐੱਮ. ਏ. (ਇਤਿਹਾਸ ਅਤੇ ਰਾਜਨੀਤੀ ਵਿਗਿਆਨ) ਤੱਕ ਪੜ੍ਹਾਈ ਪੂਰੀ ਕਰਵਾਈ । ਉਨ੍ਹਾਂ ਦੇ ਸਹਿਯੋਗ ਸਦਕਾ ਹੀ ਉਹ ਅੱਜ ਆਂਗਨਵਾੜੀ ਵਰਕਰ ਵਜੋਂ ਕੰਮ ਕਰ ਰਹੇ ਹਨ । ਕੋਵਿਡ-19 ਦੌਰਾਨ ਜਦੋਂ ਸਾਰੇ ਕਾਰੋਬਾਰ ਠੱਪ ਹੋ ਗਏ ਸਨ ਤਾਂ ਉਸਨੇ ਆਪਣਾ ਯੂਟਿਊਬ ਚੈਨਲ ਬਣਾਇਆ ਤੇ ਵੱਖ-ਵੱਖ ਪਕਵਾਨਾਂ ਨੂੰ ਬਨਾਉਣ ਦੀ ਵਿਧੀ ਨੂੰ ਸਾਂਝਾ ਕਰਨਾ ਸ਼ੁਰੂ ਕਰ ਦਿੱਤਾ । ਉਹ ਚਾਹੁੰਦੀ ਸੀ ਕਿ ਪਿੰਡ ਵਿਚ ਲੋਕ ਉਸ ਨੂੰ ਉਸਦੇ ਪਤੀ ਦੇ ਨਾਮ ਨਾਲ ਨਹੀਂ, ਬਲਕਿ, ਉਸਦੇ ਆਪਣੇ ਨਾਮ ਨਾਲ ਪਛਾਨਣ ।

ਉਸ ਦੇ ਪਤੀ ਸ. ਗੁਰਦੀਪ ਸਿੰਘ ਘਰੇਲੂ ਪੱਧਰ ਤੇ ਮੁਰਗੀ ਪਾਲਣ ਦਾ ਕੰਮ ਕਰਦੇ ਸੀ । ਸ਼ੁਰੂ ਵਿਚ ਉਨ੍ਹਾਂ ਦੋਵਾਂ ਨੇ ਮਿਲ ਕੇ ਅੰਡਿਆਂ ਦੀ ਵਿਕਰੀ ਕਰਨੀ ਸ਼ੁਰੂ ਕਰ ਦਿੱਤੀ । ਕੁਝ ਸਮਾਂ ਇਹ ਕੰਮ ਕਰਨ ਤੋਂ ਬਾਅਦ ਉਨ੍ਹਾਂ ਨੂੰ ਮਹਿਸੂਸ ਹੋਇਆ ਕਿ ਅੰਡਿਆਂ ਦਾ ਕੰਮ ਉਨ੍ਹਾਂ ਮੁਨਾਫਾ ਨਹੀਂ ਦੇ ਰਿਹਾ ਜਿੰਨੇ ਦੀ ਉਨ੍ਹਾਂ ਨੂੰ ਉਮੀਦ ਸੀ ।

ਉਹ ਆਪਣੀ 2 ਏਕੜ ਜ਼ਮੀਨ ਵਿਚ ਹੀ ਝੋਨਾ ਵਿਚ ਕਣਕ ਦੇ ਨਾਲ-ਨਾਲ ਨਿੰਬੂ, ਮਿਰਚਾਂ, ਗਾਜਰ, ਗੋਭੀ, ਆਂਵਲਾ, ਹਲਦੀ, ਅੰਬ ਆਦਿ ਫਲ ਤੇ ਸਬਜ਼ੀਆਂ ਵੀ ਉਗਾਉਂਦੇ ਹਨ । ਇੱਥੋਂ ਉਨ੍ਹਾਂ ਨੂੰ ਆਪਣੇ ਕਾਰੋਬਾਰ ਨੂੰ ਵੱਧ ਮੁੱਲ ਵਾਲੇ ਉਤਪਾਦ ਵੱਲ ਮੋੜਨ ਦਾ ਵਿਚਾਰ ਆਇਆ । ਸ਼ੁਰੂਆਤੀ ਤੌਰ 'ਤੇ ਉਨ੍ਹਾਂ ਨੇ ਸਾਲ 2022 ਵਿਚ ਘਰੇਲੂ ਪੱਧਰ ਤੇ ਆਚਾਰ ਬਣਾ ਕੇ 250 ਗ੍ਰਾਮ ਦੀ ਛੋਟੀ ਪੈਕਿੰਗ ਕਰਕੇ ਵੇਚਣੀ ਸ਼ੁਰੂ ਕਰ ਦਿੱਤੀ । ਕੁਝ ਸਮੇਂ ਬਾਅਦ ਸੰਦੀਪ ਕੌਰ, ਸੰਗਰੂਰ ਅਤੇ ਪੀਏਯੂ, ਲੁਧਿਆਣਾ ਨਾਲ ਜੁੜੇ ਅਤੇ ਮਾਹਿਰਾਂ ਦੀ ਸਲਾਹ ਨਾਲ ਫਲਾਂ ਤੇ ਸਬਜ਼ੀਆਂ ਦੀ ਪ੍ਰੋਸੈਸਿੰਗ, ਪੈਕਿੰਗ ਅਤੇ ਲੇਬਲਿੰਗ ਦੀ ਸਿਖਲਾਈ ਹਾਸਿਲ ਕੀਤੀ । ਸਾਲ 2023 ਵਿਚ ਉਸ ਨੇ ਆਪਣੇ ਉਤਪਾਦਾਂ ਲਈ ਐਫ.ਐਸ.ਐਸ.ਏ.ਆਈ. (FSSAI) ਨੰਬਰ ਲਿਆ ਅਤੇ ਲੇਬਲ ਲਗਾ ਕੇ ਵਿਕਰੀ ਕਰਨੀ ਸ਼ੁਰੂ ਕਰ ਦਿੱਤੀ, ਜਿਸ ਨਾਲ ਉਸਦੇ ਉਤਪਾਦਾਂ ਦੀ ਮੰਗ ਵਿਚ ਉਤਸ਼ਾਹਜਨਕ ਵਾਧਾ ਹੋਇਆ । ਇਸ ਤੋਂ ਅਗਲਾ ਕਦਮ ਘਰੇਲੂ ਪੱਧਰ 'ਤੇ ਬਣਾਏ ਜਾਣ ਵਾਲੇ ਉਤਪਾਦਾਂ ਨੂੰ ਜ਼ਿਲ੍ਹਾ, ਰਾਜ ਅਤੇ ਰਾਸ਼ਟਰੀ ਪੱਧਰ ਤੱਕ ਲੈ ਕੇ ਜਾਣ ਦਾ ਸੀ ।

ਉਸ ਨੇ ਹਰ ਸ਼ਨੀਵਾਰ ਅਤੇ ਐਤਵਾਰ ਨੂੰ ਕ੍ਰਮਵਾਰ ਧੂਰੀ ਅਤੇ ਸੰਗਰੂਰ ਸ਼ਹਿਰਾਂ ਵਿਚ ਲੱਗਦੀ ''ਪਹਿਲ ਮੰਡੀ'' ਵਿਚ ਆਪਣੇ ਉਤਪਾਦ ਵੇਚਣੇ ਸ਼ੁਰੂ ਕਰ ਦਿੱਤੇ । ਜਿੱਥੇ ਹਰ ਹਫਤੇ ਲਗਭਗ 6000/- ਤੋਂ 7000/- ਰੁਪਏ ਦੀ ਵਿਕਰੀ ਹੋ ਜਾਂਦੀ । ਕ੍ਰਿਸ਼ੀ ਵਿਗਿਆਨ ਕੇਂਦਰ ਦੇ ਵਿਗਿਆਨੀਆਂ ਦੇ ਉਤਸ਼ਾਹਿਤ ਕਰਨ ਤੇ ਉਨ੍ਹਾਂ ਨੇ ਸਾਲ 2024 ਵਿਚ ਪੀ ਏ ਯੂ ਦੁਆਰਾ ਆਯੋਜਿਤ ਕਿਸਾਨ ਮੇਲਿਆਂ ਵਿਚ ਭਾਗ ਲੈਣਾ ਸ਼ੁਰੂ ਕੀਤਾ । ਉਨ੍ਹਾਂ ਨੇ ਪੀਏਯੂ ਕਿਸਾਨ ਮੇਲੇ ਤੇ 35,000/- ਅਤੇ ਕੇ.ਵੀ.ਕੇ., ਪਟਿਆਲਾ ਦੇ ਕਿਸਾਨ ਮੇਲੇ ਤੇ 8000/- ਰੁਪਏ ਦੀ ਵਿਕਰੀ ਕੀਤੀ । ਇਸ ਤੋਂ ਇਲਾਵਾ ਉਨ੍ਹਾਂ ਨੇ ਮੋਗਾ ਜ਼ਿਲ੍ਹੇ ਦੇ ਪਸ਼ੂਧਨ ਮੇਲੇ 'ਤੇ ਵੀ 50,000/- ਰੁਪਏ ਦੇ ਆਚਾਰ ਦੀ ਵਿਕਰੀ ਕੀਤੀ ।

ਅੱਜ ਕੱਲ੍ਹ ਉਹ ਆਨਲਾਈਨ ਤਰੀਕੇ ਰਾਹੀਂ ਵੀ ਆਚਾਰ ਦਾ ਮੰਡੀਕਰਨ ਕਰ ਰਹੇ ਹਨ, ਮੁੱਖ ਤੌਰ ਤੇ ਉਨ੍ਹਾਂ ਨੂੰ ਪਟਿਆਲਾ, ਮੋਗਾ, ਅੰਬਾਲਾ, ਬਠਿੰਡਾ ਆਦਿ ਜ਼ਿਲ੍ਹਿਆਂ ਤੋਂ ਆਰਡਰ ਮਿਲਦੇ ਹਨ । ਇਸ ਤੋਂ ਇਲਾਵਾ ਅੰਤਰਰਾਸ਼ਟਰੀ ਪੱਧਰ 'ਤੇ ਵੀ ਅਮਰੀਕਾ, ਕੇਨੇਡਾ, ਆਸਟ੍ਰੇਲੀਆ ਆਦਿ ਦੇਸ਼ਾਂ ਵਿਚ ਇਨ੍ਹਾਂ ਦੁਆਰਾ ਆਚਾਰ ਭੇਜਿਆ ਜਾਂਦਾ ਹੈ । ਸਾਲ 2023 ਵਿਚ ਉਸਨੇ ਕੁੱਲ 14 ਕੁਇੰਟਲ ਆਚਾਰ ਤਿਆਰ ਕਰਕੇ ਵੇਚਿਆ ਹੈ । ਜ਼ਿਆਦਾਤਰ ਲੋਕਾਂ ਨੂੰ ਉਤਪਾਦ ਵੇਖਣ ਵਿਚ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਪਰ ਸੰਦੀਪ ਕੌਰ ਦਾ ਇਕ ਪ੍ਰਾਈਵੇਟ ਕੰਪਨੀ ਵਿਚ ਦੋ ਸਾਲ ਦਾ ਮਾਰਕੀਟਿੰਗ ਦਾ ਤਜ਼ਰਬਾ ਉਸ ਲਈ ਲਾਭਦਾਇਕ ਸਾਬਿਤ ਹੋਇਆ ।

ਇਸ ਸਮੇਂ ਸੰਦੀਪ ਕੌਰ 15 ਤਰੀਕੇ ਦਾ ਤਿਆਰ ਕਰ ਰਹੀ ਹੈ, ਜਿਸ ਵਿਚ 7 ਤਰੀਕੇ ਦਾ ਮਿਰਚਾਂ ਦਾ ਆਚਾਰ ਵੀ ਸ਼ਾਮਿਲ ਹੈ । ਸੰਦੀਪ ਕੌਰ ਦੇ ਆਚਾਰ ਬਨਾਉਣ ਦੇ ਕੰਮ ਦਾ ਮਿਆਰ ਦਿਨੋਂ-ਦਿਨ ਵੱਧ ਰਿਹਾ ਹੈ । ਇਸ ਕੰਮ ਰਾਹੀਂ ਉਹ ਆਪਣੇ ਪਿੰਡ ਦੀਆਂ 5-6 ਔਰਤਾਂ ਨੂੰ ਵੀ ਰੁਜ਼ਗਾਰ ਮੁਹੱਈਆ ਕਰਵਾ ਰਹੇ ਹਨ ।

ਉਸ ਦੀ ਲਗਨ ਅਤੇ ਮਿਹਨਤ ਨੂੰ ਦੇਖਦੇ ਹੋਏ ਉਸ ਦੇ ਕਾਰੋਬਾਰ ਵਿਚ ਵਾਧਾ ਕਰਨ ਲਈ ਆਈ. ਸੀ. ਆਈ. ਸੀ. ਆਈ. ਫਾਊਂਡੇਸ਼ਨ ਵੱਲੋਂ ਉਨ੍ਹਾਂ ਦੇ ਘਰ ਲੱਕੜ ਦਾ ਕੋਹਲੂ ਲਗਾਇਆ ਗਿਆ ਹੈ ਜਿਸ ਵਿਚ ਉਹ ਸਰ੍ਹੋਂ, ਬਾਦਾਮ, ਅਲਸੀ, ਨਾਰੀਅਲ, ਮੂੰਗਫਲੀ, ਤਿਲ ਅਤੇ ਕਲੌਂਜੀ ਦਾ ਤੇਲ ਬਿਨਾਂ ਕਿਸੇ ਮਿਲਾਵਟ ਤੋਂ ਤਿਆਰ ਕਰਦੇ ਹਨ । ਇਸ ਤੋਂ ਇਲਾਵਾ ਸੰਦੀਪ ਕੌਰ ਨੇ ਘਰ ਵਿਚ ਹੀ ਹੱਥੀਂ ਮਸਾਲੇ ਤਿਆਰ ਕਰਨ ਦਾ ਕੰਮ ਵੀ ਸ਼ੁਰੂ ਕੀਤਾ ਹੈ । ਜਿਸ ਵਿਚ ਗਰਮ ਮਸਾਲਾ, ਰਾਇਤਾ ਮਸਾਲਾ, ਕਿਚਨ ਕਿੰਗ ਮਸਾਲਾ, ਚਾਟ ਮਸਾਲਾ, ਕੜ੍ਹੀ ਮਸਾਲਾ, ਪਰੌਂਠਾ ਮਸਾਲਾ, ਦਹੀਂ-ਲੱਸੀ ਮਸਾਲਾ ਆਦਿ ਸ਼ਾਮਲ ਹਨ ।

ਸੱਚਮੁੱਚ ਹੀ ਸੰਦੀਪ ਕੌਰ ਨੇ ਆਪਣੀ ਹਿੰਮਤ ਅਤੇ ਮਿਹਨਤ ਸਦਕਾ ਆਪਣੀ ਵੱਖਰੀ ਪਛਾਣ ਬਣਾਉਣ ਦਾ ਸੁਪਨਾ ਪੂਰਾ ਕੀਤਾ ਹੈ ਅਤੇ ਉਹ ਆਪਣੇ ਪਿੰਡ ਬਾਲੀਆਂ ਵਿਚ ''ਮਿਰਚਾਂ ਵਾਲੀ ਮੈਡਮ'' ਦੇ ਨਾਮ ਨਾਲ ਮਸ਼ਹੂਰ ਹੋਈ ਹੈ ।

**ਵਿਤਸਤਾ ਅਤੇ ਮਨਦੀਪ ਸਿੰਘ ਪੀਏਯੂ-ਕ੍ਰਿਸ਼ੀ ਵਿਗਿਆਨ ਕੇਂਦਰ, ਸੰਗਰੂਰ,**
**ਮੋਬਾਇਲ : 70097-84182**

# ਕੇਂਦਰੀ ਖੇਤੀ ਯੋਜਨਾਵਾਂ ਅਤੇ ਪੰਜਾਬ ਦੀ ਖੇਤੀ





ਡਾ. ਰਣਜੀਤ ਸਿੰਘ

ਕੁੱਝ ਦਿਨ ਪਹਿਲਾਂ ਕਿਸਾਨਾਂ ਨੂੰ ਤਕਨਾਲੋਜੀ ਨਾਲ ਜੋੜਨ ਅਤੇ ਜਲਵਾਯੂ ਦੇ ਪ੍ਰਭਾਵਾਂ ਲਈ ਤਿਆਰ ਕਰਦਿਆਂ ਉਨ੍ਹਾਂ ਦੀ ਆਮਦਨ ਵਧਾਉਣ ਲਈ ਕੇਂਦਰੀ ਮੰਤਰੀ ਮੰਡਲ ਨੇ ਖੇਤੀ ਨਾਲ ਸਬੰਧਿਤ ਸਭ ਵੱਡੇ ਪ੍ਰੋਗਰਾਮਾਂ ਲਈ 14 ਹਜ਼ਾਰ ਕਰੋੜ ਦੇ ਲਗਭਗ ਰੁਪਏ ਖਰਚਣ ਲਈ ਮੰਨਜ਼ੂਰੀ ਦਿੱਤੀ ਹੈ। ਪੰਜਾਬ ਵਰਗੇ ਖੇਤੀ ਵਿਚ ਵਿਕਸਿਤ ਸੂਬੇ ਵਿਚ ਵੀ ਇਹ ਪਤਾ ਲੱਗਿਆ ਹੈ ਕਿ ਬਹੁਤ ਘੱਟ ਕਿਸਾਨਾਂ ਦਾ ਖੇਤੀ ਮਾਹਿਰਾਂ ਨਾਲ ਰਾਬਤਾ ਹੈ। ਪੰਜਾਬ ਰਸਾਇਣਾਂ ਦੀ ਵਰਤੋਂ ਵਿਚ ਮੋਹਰੀ ਹੋਣ ਦੇ ਬਾਵਜੂਦ ਵੀ ਇਨ੍ਹਾਂ ਦੀ ਵਰਤੋਂ ਸਬੰਧੀ ਆਮ ਕਰਕੇ ਰਸਾਇਣ ਵੇਖਣ ਵਾਲਿਆਂ ਦੀ ਸਲਾਹ ਉੱਤੇ ਹੀ ਬਹੁਤੇ ਕਿਸਾਨ ਨਿਰਭਰ ਕਰਦੇ ਹਨ। ਹੁਣ ਵੇਖਣਾ ਇਹ ਹੈ ਕਿ ਕਿ ਕੀ ਨਵੀਆਂ ਸਕੀਮਾਂ ਦਾ ਪੰਜਾਬ ਦੇ ਕਿਸਾਨ ਨੂੰ ਕੋਈ ਲਾਭ ਪ੍ਰਾਪਤ ਹੋਵੇਗਾ ? ਮਿਲੀ ਜਾਣਕਾਰੀ ਅਨੁਸਾਰ ਇਹ ਸਾਰਾ ਪੈਸਾ ਭਾਰਤੀ ਖੇਤੀ ਖੋਜ ਪਰੀਸ਼ਦ ਤੇ ਦੂਜੇ ਭਾਰਤ ਸਰਕਾਰ ਦੇ ਸਬੰਧਿਤ ਅਦਾਰੇ ਹੀ ਖਰਚ ਕਰਨਗੇ। ਕੁਝ ਰਕਮ ਕ੍ਰਿਸ਼ੀ ਵਿਗਿਆਨ ਕੇਂਦਰਾਂ ਨੂੰ ਮਜ਼ਬੂਤ ਕਰਨ ਲਈ ਹੈ। ਦੇਸ਼ ਦੇ ਹਰੇਕ ਜ਼ਿਲ੍ਹੇ ਵਿਚ ਇਹ ਕੇਂਦਰ ਹਨ, ਪੰਜਾਬ ਕੇਂਦਰਾਂ ਦੇ ਹਿੱਸੇ ਕੋਈ ਬਹੁਤੀ ਰਕਮ ਨਹੀਂ ਆਉਣ ਲੱਗੀ ਇਸ ਨਾਲ ਕਿਸਾਨਾਂ ਦੇ ਪਸਾਰ ਸਿੱਖਿਆ ਕਾਮਿਆਂ ਨਾਲ ਹੋਰ ਨੇੜਲੇ ਸਬੰਧ ਕਾਇਮ ਹੋ ਸਕਣ। ਖੇਤੀ ਸੂਬਿਆਂ ਦੇ ਅਧਿਕਾਰ ਖੇਤਰ ਵਿਚ ਆਉਂਦਾ ਹੈ। ਖੇਤੀ ਪਸਾਰ ਢਾਂਚੇ ਲਈ ਰਾਜ ਸਰਕਾਰ ਜ਼ੁੰਮੇਵਾਰ ਹੈ। ਪੰਜਾਬ ਪਹਿਲਾਂ ਹੀ ਮਾਇਕ ਵਸੀਲਿਆਂ ਦੀ ਘਾਟ ਨਾਲ ਜੂਝ ਰਿਹਾ ਹੈ। ਇਸ ਕਰਕੇ ਰਾਜ ਸਰਕਾਰ ਵੱਲੋਂ ਖੇਤੀ ਅਤੇ ਦੂਜੇ ਸਬੰਧਿਤ ਮਹਿਕਮਿਆਂ ਵਿਚਲੀਆਂ ਖਾਲੀ ਥਾਵਾਂ ਭਰਨਾ ਮੁਸ਼ਕਿਲ ਜਾਪਦਾ ਹੈ। ਕੇਂਦਰੀ ਪੱਧਰ ਉੱਤੇ ਮੋਬਾਈਲ ਉੱਤੇ ਪਾਈ ਜਾਣਕਾਰੀ ਬਹੁਤੀ ਲਾਭਕਾਰੀ ਨਹੀਂ ਹੋ ਸਕਦੀ ਕਿਉਂਕਿ ਹਰੇਕ ਸੂਬੇ ਦੀਆਂ ਹੀ ਨਹੀਂ ਸਗੋਂ ਹਰੇਕ ਜ਼ਿਲ੍ਹੇ ਦੀਆਂ ਖੇਤੀ ਸਮੱਸਿਆਵਾਂ ਵਿਚ ਭਿੰਨਤਾ ਹੈ। ਕ੍ਰਿਸ਼ੀ ਵਿਗਿਆਨ ਕੇਂਦਰ ਭਾਵੇਂ ਕੇਂਦਰ ਦੀ ਸਕੀਮ ਹੈ ਪਰ ਇਨ੍ਹਾਂ ਦੀ ਪ੍ਰਬੰਧਕੀ ਦੇਖਭਾਲ ਪੰਜਾਬ ਐਗਰੀਕਲਚਰਲ ਅਤੇ ਵੈਟਰਨਰੀ ਯੂਨੀਵਰਸਿਟੀ ਵੱਲੋਂ ਕੀਤੀ ਜਾਂਦੀ ਹੈ। ਇਸ ਕਰਕੇ ਲੋੜੀਂਦੀ ਰਾਸ਼ੀ ਇਨ੍ਹਾਂ ਯੂਨੀਵਰਸਿਟੀਜ਼ ਨੂੰ ਦੇਣੀ ਚਾਹੀਦੀ ਹੈ ਤਾਂ ਜੋ ਹਰੇਕ ਹਫਤੇ ਜਾਂ ਆਫਤ ਮੌਕੇ ਤਿਆਰ ਕਰਕੇ ਕਿਸਾਨਾਂ ਤੱਕ ਪਹੁੰਚਾਈ ਜਾ ਸਕੇ। ਉਂਞ ਸਿੱਧੇ ਤੌਰ ਉੱਤੇ ਪੰਜਾਬ ਦੇ ਕਿਸਾਨਾਂ ਨੂੰ ਇਨ੍ਹਾਂ ਸਕੀਮਾਂ ਦਾ ਕੋਈ ਬਹੁਤਾ ਲਾਭ ਪ੍ਰਾਪਤ ਨਹੀਂ ਹੋਵੇਗਾ।

ਇਸੇ ਤਰ੍ਹਾਂ ਜੇਕਰ ਕੇਂਦਰੀ ਬਜਟ ਵੱਲ ਸਰਸਰੀ ਨਜ਼ਰ ਮਾਰੀਏ ਤਾਂ ਪੰਜਾਬ ਦੇ ਕਿਸਾਨਾਂ ਨੂੰ ਹੋਣ ਵਾਲਾ ਕੋਈ ਵਿਸ਼ੇਸ਼ ਲਾਭ ਨਜ਼ਰ ਨਹੀਂ ਆ ਰਿਹਾ। ਭਾਰਤ ਇਕ ਖੇਤੀ ਪ੍ਰਧਾਨ ਦੇਸ਼ ਹੈ ਤੇ ਇਸ ਦੀ ਘੱਟੋ ਘੱਟ ਅੱਧੀ ਵਸੋਂ ਖੇਤੀ ਉੱਤੇ ਨਿਰਭਰ ਕਰਦੀ ਹੈ। ਦੇਸ਼ ਦੇ ਬਹੁਗਿਣਤੀ ਕਿਸਾਨ ਛੋਟੇ ਹਨ ਤੇ ਗਰੀਬੀ ਵਿਚ ਹੀ ਰਹਿੰਦੇ ਹਨ। ਇਸ ਵਰਗ ਦੀ ਆਮਦਨ ਵਿਚ ਵਾਧੇ ਲਈ ਕੋਈ ਵਿਸ਼ੇਸ਼ ਯਤਨ ਨਹੀਂ ਕੀਤੇ ਗਏ। ਇਸ ਵਾਰ ਦੇ ਕੇਂਦਰ ਬਜਟ ਵਿਚ ਵਿੱਤ ਮੰਤਰੀ ਦੇ ਆਖਣ ਅਨੁਸਾਰ ਨੌਂ ਤਰਜੀਹਾਂ ਦਿੱਤੀਆਂ ਗਈਆਂ ਜਿਸ ਵਿਚ ਸਭ ਤੋਂ ਉੱਤੇ ਖੇਤੀ ਉਤਪਾਦਕਤਾ ਵਿਚ ਵਾਧੇ ਨੂੰ ਰੱਖਿਆ ਗਿਆ ਹੈ। ਇਹ ਜ਼ਰੂਰੀ ਹੈ ਕਿਉਂਕਿ ਵਸੋਂ ਵਿਚ ਹੋ ਰਹੇ ਤੇਜ਼ੀ ਨਾਲ ਵਾਧੇ ਕਾਰਨ ਭੋਜਨ ਦੀਆਂ ਲੋੜਾਂ ਵਿਚ ਵੀ ਹਰੇਕ ਵਰ੍ਹੇ ਵਾਧਾ ਹੋ ਰਿਹਾ ਹੈ। ਖੇਤੀ ਖੇਤਰ ਲਈ ਕੇਵਲ 1.52 ਲੱਖ ਕਰੋੜ ਰੁਪਏ ਦੀ ਵਿਵਸਥਾ ਕੀਤੀ ਗਈ ਹੈ। ਜਿਸ ਵਿਚ ਮੁੱਖ ਤੌਰ 'ਤੇ ਖੇਤੀ ਖੋਜ ਵਿਵਸਥਾ ਦੀ ਵਿਆਪਕ ਸਮੀਖਿਆ ਕੀਤੀ ਜਾਵੇਗੀ ਜਿਸ ਵਿਚ ਨਿੱਜੀ ਖੇਤਰ ਨੂੰ ਵੀ ਸ਼ਾਮਿਲ ਕੀਤਾ ਜਾਵੇਗਾ। ਸਰਕਾਰ ਨੇ 32 ਖੇਤੀ ਅਤੇ ਬਾਗਬਾਨੀ ਫਸਲਾਂ ਦੀਆਂ ਨਵੀਆਂ 109 ਕਿਸਮਾਂ ਜਾਰੀ ਕਰਨ, ਕੁਦਰਤੀ ਖੇਤੀ ਨੂੰ ਹੁਲਾਰਾ ਅਤੇ ਦਾਲਾਂ ਤੇ ਤਿਲਾਂ ਵਿਚ ਆਤਮਨਿਰਭਰਤਾ ਹਾਸਿਲ ਕਰਨ ਲਈ ਇਕ ਕਾਰਜ ਨੀਤੀ ਬਣਾਏ ਜਾਣ ਦਾ ਐਲਾਨ ਕੀਤਾ ਹੈ। ਜੇਕਰ ਇਸ ਕਥਨ ਵਲ ਝਾਤੀ ਮਾਰੀ ਜਾਵੇ ਤਾਂ ਸਿੱਧੇ ਤੌਰ ਉੱਤੇ ਕਿਸਾਨਾਂ ਦੇ ਹਿਤਾਂ ਬਾਰੇ ਕੁਝ ਵੀ ਨਹੀਂ ਆਖਿਆ ਗਿਆ। ਪੰਜਾਬ ਜਿਹੜਾ ਦੇਸ਼ ਦਾ ਅੰਨਦਾਤਾ ਹੈ ਅਤੇ ਜਿਸ ਨੂੰ ਵਿਸ਼ੇਸ਼ ਹੁਲਾਰੇ ਦੀ ਲੋੜ ਹੈ, ਉਸ ਬਾਰੇ ਕੁਝ ਵੀ ਨਹੀਂ ਹੈ।

ਬਜਟ ਵਿਚ ਆਖਿਆ ਗਿਆ ਹੈ ਕਿ ਖੇਤੀ ਖੋਜ ਨੂੰ ਹੁਲਾਰਾ ਦਿੱਤਾ ਗਿਆ ਹੈ। ਇਥੇ ਇਹ ਦੱਸਣਾ ਉਚਿਤ ਹੋਵੇਗਾ ਕਿ ਭਾਰਤ ਦਾ ਖੇਤੀ ਖੋਜ ਢਾਂਚਾ ਸੰਸਾਰ ਵਿਚ ਸਾਰੇ ਦੇਸ਼ਾਂ ਤੋਂ ਵੱਡਾ ਹੈ। ਖੇਤੀ ਖੋਜ ਦੀ ਨਿਗਰਾਨੀ ਭਾਰਤੀ ਖੇਤੀ ਖੋਜ ਪਰੀਸ਼ਦ ਕਰਦੀ ਹੈ। ਇਸ ਦੇ ਕੋਈ 113 ਆਪਣੇ ਖੋਜ ਕੇਂਦਰ ਹਨ ਜਿਨ੍ਹਾਂ ਵਿੱਚੋਂ ਬਹੁਤੇ ਡੀਮਡ ਯੂਨੀਵਰਸਿਟੀਜ਼ ਹਨ। ਇਸ ਦੇ ਨਾਲ ਹੀ 74 ਖੇਤੀ ਯੂਨੀਵਰਸਿਟੀਜ਼ ਹਨ। ਇਹ

**ਬਾਕੀ ਸਫਾ 8 'ਤੇ**



# ਖੇਤੀ ਪੱਕੀ ਵੇਖ ਕਿਰਸਾਨ ਖੁਸ਼ ਵੀ ਹੁੰਦਾ ਹੈ ਤੇ ਗਰਵ ਵੀ ਕਰਦਾ

ਪੱਕੀ ਖੇਤੀ ਵੇਖ ਕੇ ਕਿਸਾਨ ਖੁਸ਼ ਹੋ ਜਾਂਦਾ ਤੇ ਗਰਵ ਵੀ ਕਰਦਾ ਸੀ ਪਰ ਘਰ ਪੱਕੀ ਫਸਲ ਆ ਜਾਵੇ ਤਾਂ ਹੀ ਸਾਹ ਵਿਚ ਸਾਹ ਆਉਂਦਾ ਹੈ। ਜਦ ਫਸਲ ਦੀ ਰਾਖੀ ਕਰ ਪੱਕ ਜਾਂਦੀ ਤਾਂ ਬੱਲੀ ਵਿਚ ਭਰਿਆ ਦਾਣਿਆਂ ਨੂੰ ਉਹ ਗਿਣ ਕੇ ਹਿਸਾਬ ਲਾ ਲੈਂਦਾ ਕਿ ਐਤਕੀ ਚੰਗਾ ਝਾੜ ਨਿਕਲੇਗਾ ਅਤੇ ਮਾਣ ਵੀ ਮਹਿਸੂਸ ਕਰਦਾ ਆਪਣੀ ਮੇਹਨਤ ਨੂੰ ਫਲ ਲੱਗਾ ਵੇਖ ਕੇ ਖੁਸ਼ੀ ਜਾਹਰ ਕਰਦਾ ਏ। ਪਰ ਜਿੰਨਾ ਚਿਰ ਫਸਲ ਬੁਖਾਰੀ ਚ ਪੈਣ ਤਕ ਖਤਰੇ ਕਈ ਮੂੰਹ ਅੱਡੀ ਖੜ੍ਹੇ ਹੁੰਦੇ ਹਨ ਦਾਣੇ ਘਰ ਆਉਣ ਤਕ ਅਗਲੀ ਕਦਮ ਚੁੱਕਣ ਦੀ ਲੋੜ ਹੁੰਦੀ ਹੈ। ਮੌਸਮ ਦਾ ਕੋਈ ਪਤਾ ਨਹੀਂ ਲੱਗਦਾ ਕਈ ਵਾਰ ਮੂੰਹ ਆਈ ਫਸਲ ਖੇਹ ਵਿਚ ਰਲ ਜਾਂਦੀ ਹੈ ਅਤੇ ਕਈ ਜੋਖਮ ਝੱਲਦੇ ਪੈਂਦੇ ਹਨ। ਕਈ ਹਾੜੀ ਵਡਦਿਆਂ ਹਨੇਰੀ ਆ ਜਾਂਦੀ ਹੈ ਤੇ ਸੱਥਰੀਆਂ ਦਾ ਤੀਲਾ ਤੀਲਾ ਖੇਤ ਵਿਚ ਖਿਲਰ ਜਾਂਦਾ ਹੈ। ਇਕੱਠਾ ਕਰਨਾ ਬਹੁਤ ਮੁਸ਼ਕਲ ਕੰਮ ਬਣ ਜਾਂਦਾ ਹੈ। ਕਈ ਤੀਲੇ ਉੱਡਕੇ ਦੂਸਰਿਆਂ ਖੇਤਾਂ ਵਿਚ ਖਿਲਰ ਜਾਂਦੇ ਸਨ। ਇਹਨਾਂ ਨੂੰ ਇਕੱਠੇ ਕਰਨ ਦਾ ਕੰਮ ਦਿਹਾੜੀ ਦਾ ਵੱਧ ਜਾਂਦਾ ਹੈ।



**ਜਗਜੀਤ ਸਿੰਘ ਝੱਤਰਾ,**
ਪੰਜਾਬੀ ਲਿਖਾਰੀ ਸਭਾ, ਪਿੰਡ ਝੱਤਰੇ,
ਤਹਿ. ਜੀਰਾ, ਜ਼ਿਲਾ ਫਿਰੋਜ਼ਪੁਰ-152028
ਮੋ: 7814490249

ਕਈ ਮੀਂਹ ਵੀ ਉਹਨਾਂ ਦਿਨਾਂ ਵਿਚ ਆ ਜਾਂਦਾ ਸੀ ਅਤੇ ਝੜੀ ਲੱਗ ਜਾਂਦੀ ਸੀ ਅਤੇ ਲਾਗਾ ਗਿੱਲਾ ਹੋ ਜਾਂਦਾ ਸੀ ਖੇਤਾਂ ਵਿਚ ਪਾਣੀ ਖੜ੍ਹਾ ਹੋ ਜਾਂਦਾ ਸੀ। ਕਿਸਾਨ ਖੇਤਾਂ ਵਿਚ ਮੰਜੇ ਲਿਜਾਕੇ ਲਾਗਾਂ ਸੁਕਾਉਂਦਾ ਸੀ। ਕਈ ਪੈਰੀ ਵਿਚ ਵੀ ਮੀਂਹ ਆ ਜਾਂਦਾ ਤੇ ਤੂੜੀ ਦਾ ਰੰਗ ਬਦਲ ਜਾਂਦਾ ਸੀ। ਦਾਣੇ ਵੀ ਕਾਲੇ ਜਿਹੇ ਹੋ ਜਾਂਦੇ, ਰੰਗ ਬਰੰਗ ਹੋ ਜਾਂਦੇ ਸਨ। ਗਿੱਲੇ ਲਾਗੇ ਨੂੰ ਸੁਕਾਉਣਾ ਤੇ ਗਾਉਣਾ ਬਹੁਤ ਔਖਾ ਕੰਮ ਹੋ ਜਾਂਦਾ ਸੀ ਬਾਕੀ ਤੂੜੀ ਚੰਗੀ ਨਾ ਬਣਦੀ ਸੀ ਉਹ ਵੀ ਪਲਰ ਜਿਹਾ ਬਣ ਜਾਂਦਾ ਸੀ ਉਸ ਵਿਚ ਮੁਸ਼ਕ ਜਿਹਾ ਮਾਰਨ ਲੱਗ ਜਾਂਦਾ ਸੀ ਪਸ਼ੂ ਮੂੰਹ ਮਾਰਕੇ ਖਾਂਦੇ ਸਨ। ਦੂਹਰੀ ਵਾਰ ਫਲੇ ਥੱਲੇ ਸੁੱਟਿਆ ਵੀ ਨਾ ਬਰੀਕ ਹੁੰਦੀ। ਕਿਉਂਕਿ ਨਾੜ ਸਲਾਬਿਆ ਜਾਂਦਾ ਸੀ ਤੂੜੀ ਲੱਗੀ ਧੜ ਤੇ ਜੇ ਮੀਂਹ ਪੈ ਗਿਆ ਬੋਹਲ ਗਿੱਲਾ ਹੋ ਜਾਂਦਾ ਸੀ। ਭਾਰੀ ਮੁਸ਼ਕਲ ਹੋ ਜਾਂਦੀ ਸੀ। ਤੂੜੀ ਦੇ ਨਾਲ ਦਾਣੇ ਵੀ ਸਲਾਬੇ ਜਾਂਦੇ ਸਨ ਕਈ ਵਾਰ ਵੱਡਣ ਆਈ ਫਸਲ ਤੇ ਮੀਂਹ ਵਿਚ ਗੜ੍ਹੇ ਪੈ ਜਾਂਦੇ ਸਨ ਅਤੇ ਸਿੱਟੇ ਟੁੱਟਕੇ ਥੱਲੇ ਹੇਠਾਂ ਡਿੱਗ ਪੈਂਦੇ ਸਨ। ਗੜ੍ਹਿਆਂ ਦੀ ਮਾਰ ਦਾਣਿਆਂ ਨੂੰ ਮਿੱਟੀ ਵਿਚ ਮਿਲਾ ਦੇਂਦੀ ਸੀ ਅਤੇ ਤੂੜੀ ਵੀ ਖਤਮ ਹੋ ਜਾਂਦੀ ਸੀ ਅਤੇ ਬਹੁਕਰਾਂ ਨਾਲ ਇਕੱਠਿਆਂ ਕਰ ਟੁੱਟਿਆ ਭਿਜਿਆ ਸੈਂਡ ਘਰ ਲਿਆਉਣਾ ਪੈਂਦਾ ਸੀ ਇਸ ਤਰਾਂ ਸਾਰੇ ਟੱਬਰ ਨੂੰ ਸੂਲੀ ਤੇ ਚੜ੍ਹਨਾ ਪੈਂਦਾ ਸੀ। ਗੜ੍ਹੇ ਪੈਣ ਨਾਲ ਚਾਰਾ ਵੀ ਕੌੜਾ ਹੋ ਜਾਂਦਾ ਸੀ। ਮੁਸ਼ਕ ਆਉਣ ਲੱਗ ਜਾਂਦਾ ਸੀ ਡੰਗਰ ਵੀ ਖਾਣ ਤੋਂ ਆਨਾ ਕਾਨੀ ਕਰਦੇ ਸਨ। ਕਈ ਵਾਰ ਛੋਲਿਆਂ ਨੂੰ ਬੱਦਲਾਂ ਦੀ ਲਸ਼ਕ ਮਾਰ ਜਾਂਦੀ ਸੀ। ਕੱਚੀਆਂ ਟਾਟਾਂ ਚਿਟੀਆਂ ਹੋ ਜਾਂਦੀਆਂ ਸਨ ਅਤੇ ਕਿਸਾਨ ਦਾ ਕਾਲਜਾ ਫੜਿਆ ਜਾਂਦਾ ਸੀ। ਸਾਰਾ ਪਰਿਵਾਰ ਫਿਕਰਾਂ ਵਿਚ ਡੁੱਬ ਜਾਂਦਾ ਕਿ ਕੀ ਸਾਰਾ ਸਾਲ ਖਾਵਾਂਗੇ। ਸਿਆਣੀਆਂ ਔਰਤਾਂ ਪੁੱਠਾ ਤਵਾ ਵਿਹੜੇ ਵਿਚ ਸੁੱਟ ਦਿੰਦੀਆਂ ਸਨ। ਉਹਨਾਂ ਨੂੰ ਯਕੀਨ ਸੀ ਕਿ ਤਵਾ ਸੁੱਟਣ ਨਾਲ ਗੜ੍ਹੇ ਰੁੱਕ ਜਾਂਦੇ ਹਨ। ਕਿਸਾਨ ਖੇਤ ਵਿਚ ਡਰਨਾ ਮੁਸਾਫਰ ਖੜ੍ਹਾ ਕਰਦਾ ਕਿ ਝੜ੍ਹੀ ਬੰਦ ਹੋ ਜਾਵੇਗੀ। ਗੜ੍ਹੇ ਜਾਂ ਮੀਂਹ ਭਾਵੇਂ ਰੁਕਦਾ ਜਾਂ ਨਾ ਪਰ ਇਸਤਰ੍ਹਾਂ ਕਰਨ ਨਾਲ ਉਹਨਾਂ ਦੇ ਮਨੋ ਬਲ ਦੀ ਮਜ਼ਬੂਤੀ ਹੋਰ ਹੋ ਜਾਂਦੀ ਸੀ। ਹੋਰ ਵੀ ਅਣਗਿਣਤ ਮੁਸ਼ਕਲਾਂ ਪੱਕੀ ਖੇਤੀ ਨੂੰ ਪੈਂਦੀਆਂ ਸਨ। ਤਾਂ ਹੀ ਧਨੀਰਾਮ ਚਾਤ੍ਰਿਤ ਲਿਖਿਆ ਹੈ। ਪੱਕੀ ਖੇਤੀ ਵੇਖਦੇ ਗਰਵ ਕਰੇ ਕਿਰਸਾਨ, ''ਲੋਆਂ ਵਾਓ ਵਰੋਲਿਆ ਘਰ ਆਵੇ ਤਾਂ ਜਾਣ'' ਫਸਲ ਘਰ ਆਇਆਂ ਹੀ ਕਮਾਈ ਸਫਲ ਹੋਵੇਗੀ।

ਕਿਸੇ ਸਮੇਂ ਫਸਲਾਂ ਨੂੰ ਬਾਹਰਲੇ ਜਾਨਵਰਾਂ ਤੋਂ ਡਰ ਹੁੰਦਾ ਸੀ। ਪਰ ਅੱਜ ਕਲ ਤਾਂ ਫਾਲਤੂ ਵਧੇਰੇ ਜਾਨਵਰ ਡਾਰਾਂ ਦੀਆਂ ਡਾਰਾਂ ਫਿਰ ਰਹੇ ਹਨ। ਇਹਨਾਂ ਪਸ਼ੂਆਂ ਤੋਂ ਡਰ ਬਣਿਆ ਰਹਿੰਦਾ ਹੈ। ਅੱਜ ਵੀ ਕਿਸਾਨੀ ਕਈ ਆਫਤਾਂ ਦਾ ਸ਼ਿਕਾਰ ਹੁੰਦੀ ਹੈ। ਭਾਵੇਂ ਫਸਲ ਵੱਢਣ ਦਾ ਕੰਮ ਘੰਟਿਆਂ ਵਿਚ ਹੀ ਨਿੱਬੜ ਜਾਂਦਾ ਹੈ। ਇਸ ਘੱਟ ਸਮੇਂ ਦੌਰਾਨ ਖਤਰਾ ਬਹੁਤ ਤੇਜ਼ੀ ਨਾਲ ਆਉਂਦਾ ਜੇ ਕੋ ਈ ਮਸ਼ੀਨਰੀ ਚਿੰਗਆੜੀਆਂ ਪੈਣ ਜਾਣ ਮਿੰਟਾਂ ਸਕਿੰਟਾਂ ਵਿਚ ਫਸਲ ਸੜ ਕੇ ਸੁਆਹ ਹੋ ਜਾਂਦੀ। ਮਸ਼ੀਨਾਂ ਦੇ ਨਾਲ ਕੰਮ ਤਾਂ ਜਲਦੀ ਹੋ ਜਾਂਦਾ ਹੈ ਪਰ ਜਿੰਨਾ ਚਿਰ ਫਸਲ ਘਰ ਨਾ ਆਵੇ ਖਤਰਿਆਂ ਵਿਚ ਹੀ ਲਪਟੀ ਹੁੰਦੀ ਅਤੇ ਵਿਚੇ ਹੀ ਮਸ਼ੀਨਰੀ ਦਾ ਵੀ ਸਤਿਆਨਾਸ ਹੋ ਜਾਂਦਾ ਹੈ। ਅੱਗੇ ਆਏ ਸਾਲ ਸੈਂਕੜੇ ਏਕੜ ਫਸਲ ਸਾੜ ਕੇ ਸਵਾਹ ਕਰ ਦਿੰਦੀ ਹੈ ਅਤੇ ਪੂਰੀ ਹੁਸ਼ਿਆਰੀ ਨਾਲ ਫਸਲ ਨੇਪੜੇ ਚੜ੍ਹਦੀ ਹੈ। ਅਜਿਹੀਆਂ ਘਟਨਾਵਾਂ ਦਾ ਹੱਲ ਸਰਕਾਰ ਨੂੰ ਕਰਨਾ ਜ਼ਰੂਰੀ ਹੈ। ਪਰ ਸਰਕਾਰ ਸੋਚਦੀ ਸੋਚਦੀ ਕਈ ਸਾਲਾਂ ਤੋਂ ਇਸ ਦਾ ਕੋਈ ਹੱਲ ਨਹੀਂ ਕਰ ਸਕੀ। ਫਸਲ ਦਾ ਪੂਰਾ ਮੁਆਵਜ਼ਾ ਮਿਲਣਾ ਜ਼ਰੂਰੀ ਹੈ।

ਬਾਕੀ ਸਫਾ 7 ਦੀ

# ਕੇਂਦਰੀ ਖੇਤੀ ਯੋਜਨਾਵਾਂ ਅਤੇ ਪੰਜਾਬ ਦੀ ਖੇਤੀ

ਆਖਿਆ ਗਿਆ ਹੈ ਕਿ ਅਗਲੇ ਸਾਲ 32 ਫਸਲਾਂ ਦੀਆਂ 109 ਨਵੀਆਂ ਕਿਸਮਾਂ ਵਿਕਸਿਤ ਕੀਤੀਆਂ ਜਾਣਗੀਆਂ। ਇਸ ਵਿਚ ਕੁਝ ਵੀ ਨਵਾਂ ਨਹੀਂ ਹੈ ਪ੍ਰਧਾਨ ਮੰਤਰੀ ਨੇ ਦਿੱਲੀ ਵਿਖੇ ਇਹ ਕਿਸਮਾਂ ਕਿਸਾਨਾਂ ਨੂੰ ਅਰਪਿਤ ਵੀ ਕਰ ਦਿੱਤੀਆਂ ਹਨ। ਜੇਕਰ ਸਾਰੇ ਖੋਜ ਕੇਂਦਰ ਸਾਲ ਵਿਚ ਕਿਸੇ ਵੀ ਫਸਲ ਦੀ ਇਕ ਕਿਸਮ ਵਿਕਸਿਤ ਕਰਨ ਤਾਂ ਵੀ ਗਿਣਤੀ 187 ਹੋ ਜਾਂਦੀ ਹੈ।

ਪੰਜਾਬ ਐਗਰੀ ਯੂਨੀਵਰਸਿਟੀ ਨੇ ਆਪਣੇ 60 ਸਾਲਾਂ ਦੇ ਸਫਲ ਵਿਚ ਰਾਸ਼ਟਰੀ ਪੱਧਰ ਦੀਆਂ 914 ਵਿਕਸਿਤ ਕੀਤੀਆਂ ਹਨ, ਜਿਨ੍ਹਾਂ ਕਰਕੇ ਹੀ ਪੰਜਾਬ ਦੇਸ਼ ਦਾ ਅੰਨਦਾਤਾ ਬਣਿਆ ਹੈ। ਪੰਜਾਬ ਕੇਵਲ, ਕਣਕ ਤੇ ਚੌਲਾਂ ਦੇ ਉਤਪਾਦਨ ਵਿਚ ਹੀ ਦੇਸ਼ ਦਾ ਮੋਹਰੀ ਨਹੀਂ ਹੈ ਸਗੋਂ ਪ੍ਰਤੀ ਜਾਨਵਰ ਦੁੱਧ, ਖੁੰਬਾ, ਸ਼ਹਿਦ, ਪ੍ਰਤੀ ਏਕੜ ਸਬਜ਼ੀਆਂ ਦੀ ਪੈਦਾਵਾਰ ਵਿਚ ਹੀ ਮੋਹਰੀ ਹੈ। ਇੰਞ ਖੇਤੀ ਖੋਜ ਬਾਰੇ ਰੱਖੀ ਰਾਸ਼ੀ ਵਿਚ ਕੋਈ ਲਾਭ ਨਹੀਂ ਹੋਵੇਗਾ। ਖੇਤੀ ਖੋਜ ਵਿਚ ਨਿੱਜੀ ਖੇਤਰ ਨੂੰ ਸ਼ਾਮਿਲ ਕਰਨ ਨਾਲ ਕਿਸਾਨ ਨੂੰ ਲਾਭ ਦੀ ਥਾਂ ਨੁਕਸਾਨ ਹੀ ਹੋਵੇਗਾ। ਪਹਿਲਾਂ ਹੀ ਕਿਸਾਨ ਨਿੱਜੀ ਖੇਤਰ ਦੀ ਬੀਜ ਗੁਲਾਮੀ ਭੋਗ ਰਹੇ ਹਨ। ਇਹ ਬੀਜ ਕਿਸਾਨ ਨੂੰ ਹਰੇਕ ਵਾਰ ਨਵੇਂ ਲੈਣੇ ਪੈਂਦੇ ਹਨ ਅਤੇ ਇਸ ਦੀ ਕੀਮਤ ਕੰਪਨੀਆਂ ਨਿਰਧਾਰਿਤ ਕਰਦੀਆਂ ਹਨ। ਭਵਿੱਖ ਵਿਚ ਹੋਰ ਫਸਲਾਂ ਦੇ ਦੋਗਲੇ ਜਾਂ ਬੀਟੀ ਬੀਜ ਪੈਦਾ ਕਰਕੇ ਕੰਪਨੀਆਂ ਹੱਥੋਂ ਕਿਸਾਨਾਂ ਦੀ ਲੁੱਟ ਵਿਚ ਵਾਧਾ ਹੋਵੇਗਾ। ਦਾਲਾਂ ਅਤੇ ਤੇਲ ਬੀਜਾਂ ਵਿਚ ਆਤਮ ਨਿਰਭਰਤਾ ਬਾਰੇ ਵੀ ਆਖਿਆ ਗਿਆ ਹੈ। ਕਿਸਾਨਾਂ ਇਨ੍ਹਾਂ ਦੀ ਕਾਸ਼ਤ ਉਦੋਂ ਹੀ ਕਰੇਗਾ ਜਦ ਨਿਰਧਾਰਿਤ ਘੱਟੋ ਘੱਟ ਮੁੱਲ ਉੱਤੇ ਉਪਜ ਦੀ ਖਰੀਦ ਯਕੀਨੀ ਬਣਾਈ ਜਾਵੇਗੀ। ਇਸ ਸਮੇਂ ਦਾਲਾਂ ਅਤੇ ਤੇਲ ਬੀਜ ਵੱਡੀ ਮਾਤਰਾ ਵਿਚ ਵਿਦੇਸ਼ਾਂ ਤੋਂ ਮੰਗਵਾਏ ਜਾਂਦੇ ਹਨ। ਅਤੇ ਉਪਜ ਦੀ ਵਿਕਰੀ ਦਾ ਸੁਚੱਜਾ ਪ੍ਰਬੰਧ ਹੋਵੇ ਤਾਂ ਦੇਸ਼ ਵਿਚ ਹੀ ਇਨ੍ਹਾਂ ਦੀ ਉਪਜ ਵਿਚ ਚੋਖਾ ਵਾਧਾ ਕੀਤਾ ਜਾ ਸਕਦਾ ਹੈ।

ਬਜਟ ਵਿਚ ਕੁਦਰਤੀ ਖੇਤੀ ਨੂੰ ਵੀ ਹੁਲਾਰਾ ਦੇਣ ਬਾਰੇ ਆਖਿਆ ਗਿਆ ਹੈ। ਪੰਜਾਬ ਵਿਚ ਕੁਦਰਤੀ ਖੇਤੀ ਦੀਆਂ ਘੱਟ ਸੰਭਾਵਨਾਵਾਂ ਹਨ। ਇੱਥੇ ਛੋਟੇ ਕਿਸਾਨਾਂ ਦੀ ਬਹੁਗਿਣਤੀ ਹੈ। ਛੋਟੇ ਕਿਸਾਨ ਉਦੋਂ ਹੀ ਕੁਦਰਤੀ ਖੇਤੀ ਵਿਚ ਸਕਦੇ ਹਨ ਜਦੋਂ ਘੱਟੋ ਘੱਟ ਇਕ ਪਾਸੇ ਦੇ ਸਾਰੇ ਕਿਸਾਨ ਸਾਂਝੇ ਤੌਰ ਉੱਤੇ ਖੇਤੀ ਕਰਨ ਲਈ ਰਾਜੀ ਹੋਣ। ਕਿਸੇ ਇਕ ਕਿਸਾਨ ਵੱਲੋਂ ਵੀ ਕੀਤੀ ਰਸਾਇਣਾਂ ਦੀ ਵਰਤੋਂ ਸਾਰੇ ਪ੍ਰੋਜੈਕਟ ਨੂੰ ਨਿਕਾਰ ਸਕਦੀ ਹੈ। ਓਹ ਗੱਲ ਵੱਖਰੀ ਹੈ ਕਿ ਸਬਜ਼ੀਆਂ ਉੱਤੇ ਘੱਟ ਤੋਂ ਘੱਟ ਰਸਾਇਣਾਂ ਦੀ ਵਰਤੋਂ ਕਰਨੀ ਚਾਹੀਦੀ ਹੈ। ਪੰਜਾਬ ਦੀ ਸਾਰੀ ਖੇਤੀ ਮਸ਼ੀਨੀ ਹੋ ਗਈ ਹੈ। ਇਸ ਕਰਕੇ ਪਿੰਡਾਂ ਵਿੱਚੋਂ ਪਸ਼ੂ ਅਲੋਪ ਹੋ ਗਏ ਹਨ। ਇੰਞ ਰੂੜੀ ਬਹੁਤ ਘੱਟ ਮਾਤਰਾ ਵਿਚ ਪ੍ਰਾਪਤ ਹੁੰਦੀ ਹੈ। ਮਸ਼ੀਨਾਂ ਦੇ ਆਉਣ ਤੋਂ ਪਹਿਲਾਂ ਹਰੇਕ ਟੱਬਰ ਕੋਲ 8-10 ਡੰਗਰ ਹੁੰਦੇ ਸਨ। ਖੇਤ ਮਜ਼ਦੂਰ ਵੀ ਦੁਧਾਰੂ ਪਸ਼ੂ ਪਾਲਦੇ ਸਨ। ਬਹੁਤ ਘੱਟ ਖੇਤਾਂ ਵਿਚੋਂ ਦੋ ਫਸਲਾਂ ਲਈਆਂ ਜਾਂਦੀਆਂ ਸਨ। ਕਣਕ ਦੀ ਕਟਾਈ ਤੋ ਵਿਹਲੇ ਹੋ ਕੇ ਕਿਸਾਨ ਖੇਤਾਂ ਵਿਚ ਰੂੜੀ ਪਾਉਂਦੇ ਸਨ। ਪਹਿਲੇ ਮੀਂਹ ਪੈਣ ਪਿੱਛੋਂ ਰੂੜੀ ਨੂੰ ਖਲਾਰ ਕੇ ਵਹਾਈ ਕੀਤੀ ਜਾਦੀ ਸੀ। ਇੰਞ ਮੁੜ ਕਣਕ ਬੀਜਣ ਤੱਕ ਕਈ ਵਹਾਈਆਂ ਹੋ ਜਾਂਦੀਆਂ ਸਨ ਤੇ ਬਹੁਤ ਸਾਰੇ ਨਦੀਨ ਨਸ਼ਟ ਹੋ ਜਾਂਦੇ ਸਨ। ਮੁੜ-ਮੁੜ ਵਹਾਈ ਸਮੇਂ ਪੰਛੀ ਖੇਤਾਂ ਵਿੱਚੋਂ ਕੀੜੇ ਖਾ ਜਾਂਦੇ ਸਨ। ਹੁਣ ਸਾਲ ਵਿਚ ਦੋ ਫਸਲਾਂ ਲਾਈਆਂ ਜਾਂਦੀਆਂ ਹਨ ਤੇ ਕਈ ਕਿਸਾਨ ਤਿੰਨ ਫਸਲਾਂ ਵੀ ਲੈਂਦੇ ਹਨ। ਸਾਰੀਆਂ ਫਸਲਾਂ ਹੀ ਵੱਧ ਝਾੜ ਦੇਣ ਵਾਲੀਆਂ ਹਨ। ਇੰਞ ਧਰਤੀ ਨੂੰ ਖੁਰਾਕ ਵੀ ਪੂਰੀ ਚਾਹੀਦੀ ਹੈ। ਕੁਦਰਤੀ ਖੇਤੀ ਨਾਲ ਉਪਜ ਵੀ ਘੱਟ ਹੋਵੇਗੀ ਜਿਸ ਕਰਕੇ ਸਾਰੀ ਅਬਾਦੀ ਦੀਆਂ ਭੋਜਨ ਲੋੜਾਂ ਪੂਰੀਆਂ ਕਰਨੀਆਂ ਕਠਿਨ ਹੋ ਜਾਣਗੀਆਂ। ਕਿਸਾਨ ਦੀ ਆਮਦਨ ਵਿਚ ਵਾਧੇ ਦਾ ਸਭ ਤੋਂ ਕਾਰਗਰ ਢੰਗ ਉਸ ਦੀ ਉਪਜ ਨੂੰ ਵਾਜਬ ਕੀਮਤ ਉੱਤੇ ਖਰੀਦਣਾ ਹੈ। ਹੁਣ ਜਦ ਕਿਸਾਨ ਮੰਡੀ ਵਿਚ ਉਪਜ ਲੈ ਕੇ ਜਾਂਦਾ ਹੈ ਤਾਂ ਵਿਉਪਾਰੀ ਕੀਮਤ ਹੇਠਾਂ ਲੈ ਆਉਂਦੇ ਹਨ। ਉਸੇ ਮਾਲ ਨੂੰ ਵਿਉਪਾਰੀ ਦੁੱਗਣੇ ਮੁੱਲ ਉੱਤੇ ਵੇਚ ਦਿੰਦੇ ਹਨ। ਉਪਜ ਦੇ ਘੱਟੋ ਘੱਟ ਸਮਰਥਨ ਮੁੱਲ ਦੀ ਸਰਕਾਰੀ ਗਰੰਟੀ ਲਈ ਕਿਸਾਨ ਕਾਫੀ ਸਮੇਂ ਤੋਂ ਅੰਦੋਲਨ ਕਰ ਰਹੇ ਹਨ ਪਰ ਸਰਕਾਰ ਇਸ ਪਾਸੇ ਧਿਆਨ ਨਹੀਂ ਦੇ ਰਹੀ। ਵਿੱਤ ਮੰਤਰੀ ਨੇ ਇਹ ਆਖ ਪੱਲਾ ਛੁੜਾ ਲਿਆ ਕਿ ਸਾਡੀ ਸਰਕਾਰ ਨੇ ਤਕਰੀਬਨ ਇਕ ਮਹੀਨਾ ਪਹਿਲਾਂ ਹੀ ਫਸਲਾਂ ਲਈ ਐਮ ਐਸ ਪੀ ਦਾ ਐਲਾਨ ਕੀਤਾ ਸੀ। ਸਰਕਾਰ ਮੁੱਖ ਫਸਲਾਂ ਦਾ ਘੱਟੋ ਘੱਟ ਸਮਰਥਨ ਮੁੱਲ ਮਿੱਥਦੀ ਹੈ ਪਰ ਇਸ ਦਾ ਲਾਭ ਤਾਂ ਉਦੋਂ ਹੀ ਹੋਵੇਗਾ ਜੇਕਰ ਇਹ ਯਕੀਨੀ ਬਣਾਇਆ ਜਾਵੇ ਕਿ ਸਰਕਾਰ ਮੰਡੀ ਵਿਚ ਇਸ ਤੋਂ ਘੱਟ ਮੁੱਲ ਉੱਤੇ ਉਪਜ ਦੀ ਵਿਕਰੀ ਨਹੀਂ ਹੋਣ ਦੇਵੇਗੀ। ਜੇਕਰ ਸਰਕਾਰ ਚਾਹਵੇ ਤਾਂ ਰਾਜ ਸਰਕਾਰਾਂ ਦੇ ਮੰਡੀ ਬੋਰਡਾਂ ਦੀ ਮੱਦਦ ਨਾਲ ਅਜਿਹਾ ਕਰ ਸਕਦੀ ਹੈ।



ਖੇਤੀ ਵਿਕਾਸ ਵਿਚ ਜਿੱਥੇ ਦੂਜੇ ਰਾਜ ਹੁਣ ਉੱਥੇ ਪਹੁੰਚੇ ਹਨ ਜਿੱਥੇ ਪੰਜਾਬ ਅੱਧੀ ਸਦੀ ਪਹਿਲਾਂ ਪਹੁੰਚ ਗਿਆ ਸੀ। ਇਸ ਕਰਕੇ ਪੰਜਾਬ ਲਈ ਖੇਤੀ ਵਿਕਾਸ ਦੀ ਵੱਖਰੀ ਨੀਤੀ ਚਾਹੀਦੀ ਹੈ। ਹੁਣ ਪੰਜਾਬ ਨੂੰ ਵੀ ਉਸੇ ਸਕੀਮ ਹੇਠ ਰੱਖਿਆ ਜਾਂਦਾ ਹੈ ਜਿਸ ਅਧੀਨ ਉੜੀਸਾ ਆਉਂਦਾ ਹੈ। ਪਿੰਡਾਂ ਦੀ ਸੜਕਾਂ, ਨਾਲੀਆਂ, ਪੀਣ ਵਾਲਾ ਪਾਣੀ, ਬੀਜਾਂ ਉੱਤੇ ਰਿਆਇਤਾਂ ਆਦਿ ਦਿੱਤੀਆਂ ਜਾਂਦੀਆਂ ਹਨ। ਪੰਜਾਬ ਨੂੰ ਇਨ੍ਹਾਂ ਦੀ ਲੋੜ ਨਹੀ ਹੈ। ਪੰਜਾਬੀ ਕਿਸਾਨ ਤਾਂ ਹਮੇਸ਼ਾਂ ਨਵੇਂ ਬੀਜਾਂ ਨਹੀ ਤਾਂਘਦਾ ਰਹਿੰਦਾ ਹੈ। ਇੰਞ ਜਿਹੜਾ ਪੈਸਾ ਪੰਜਾਬ ਦੇ ਹਿੱਸੇ ਆਉਂਦਾ ਹੈ ਉਸ ਦੀ ਕੋਈ ਸਾਰਥਿਕ ਵਰਤੋਂ ਨਹੀਂ ਕੀਤੀ ਜਾਂਦੀ। ਪਹਿਲਾਂ ਤਾਂ ਰਾਜ ਸਰਕਾਰ ਉਹ ਪੈਸਾ ਲੈਣ ਤੋਂ ਝਿਜਕਦੀ ਹੈ ਕਿਉਂਕਿ ਇਸ ਫੰਡ ਦੀ ਪ੍ਰਾਪਤੀ ਲਈ ਰਾਜ ਸਰਕਾਰ ਨੂੰ ਵੀ ਹਿੱਸਾ ਦੇਣਾ ਪੈਂਦਾ ਹੈ। ਜੇਕਰ ਪੈਸਾ ਲੈ ਵੀ ਲਿਆ ਜਾਵੇ ਤਾਂ ਦੂਜੇ ਕੰਮਾਂ ਉੱਤੇ ਖਰਚ ਹੋ ਜਾਂਦਾ ਹੈ। ਪੰਜਾਬ ਵਿਚ ਇਸ ਸਮੇਂ ਸਭ ਤੋਂ ਵੱਡੀ ਸਮੱਸਿਆ ਫਸਲਾਂ ਦੀ ਰਹਿੰਦ ਦੀ ਸਾਂਭ ਅਤੇ ਧਰਤੀ ਹੇਠ ਘੱਟ ਰਹੇ ਪਾਣੀ ਦੀ ਭਰਪਾਈ ਕਰਨ ਦੀ ਹੈ। ਫਸਲਾਂ ਦੀ ਰਹਿੰਦ ਦੀ ਸਮੱਸਿਆ ਵੀ ਮਸ਼ੀਨਾਂ ਕਾਰਨ ਹੀ ਹੋਈ ਹੈ। ਜਦੋਂ ਵਾਢੀ ਹੱਥੀਂ ਕੀਤੀ ਜਾਂਦੀ ਸੀ ਉਦੋ ਨਾੜ ਦੀ ਕੋਈ ਸਮੱਸਿਆ ਨਹੀਂ ਸੀ। ਇਸ ਦੀ ਵਰਤੋਂ ਡੰਗਰਾਂ ਲਈ ਚਾਰੇ ਵਾਸਤੇ ਕੀਤੀ ਜਾਂਦੀ ਸੀ। ਹੁਣ ਡੰਗਰ ਰਹੇ ਨਹੀਂ ਤੇ ਮਸ਼ੀਨਾਂ ਵਾਢੀ ਧਰਤੀ ਤੋਂ ਉੱਚੀ ਕਰਦੀਆਂ ਹਨ। ਪਰਾਲੀ ਦਾ ਸੌਖਾ ਹੱਲ ਇਸ ਨੂੰ ਖੇਤ ਵਿਚ ਅੱਖ ਲਗਾਉਣਾ ਹੈ। ਕਣਕ ਦੀ ਤੂੜੀ ਵੀ ਇਸ ਵਾਰ ਮੰਗ ਘੱਟ ਗਈ ਕਿਸਾਨਾਂ ਨੇ ਕਣਕ ਦੇ ਨਾੜ ਨੂੰ ਵੀ ਅੱਗ ਲਗਾਈ ਆਲੂਆਂ ਪਿੱਛੋਂ ਬਸੰਤ ਰੁੱਤੀ ਮੱਕੀ ਦੀ ਕਾਸ਼ਤ ਦਾ ਰੁਝਾਨ ਵੱਧ ਰਿਹਾ ਹੈ। ਇਹ ਜਿੱਥੇ ਝੋਨੇ ਨਾਲੋਂ ਵੀ ਵੱਧ ਪਾਣੀ ਲੈਂਦੀ ਹੈ ਉੱਥੇ ਟਾਂਡਿਆਂ ਦੀ ਸੰਭਾਲ ਵੀ ਅੱਗ ਲਗਾ ਕੇ ਹੋਣ ਲਗ ਪਈ ਹੈ ਕਿਉਂਕਿ ਮਸ਼ੀਨਾਂ ਨਾਲ ਵਾਢੀ ਸਮੇਂ ਇਹ ਖੇਤ ਵਿਚ ਖੜੇ ਰਹਿ ਜਾਂਦੇ ਹਨ। ਫਸਲਾਂ ਦੀ ਰਹਿੰਦ ਦੀ ਸਾਂਭ-ਸੰਭਾਲ ਜਾਂ ਇਸ ਦੀ ਸਨੱਅਤੀ ਵਰਤੋਂ ਲਈ ਖੋਜ ਦੀ ਲੋੜ ਹੈ। ਇਸ ਪਾਸੇ ਕੋਈ ਧਿਆਂਨ ਨਹੀਂ ਦਿੱਤਾ ਗਿਆ। ਧਰਤੀ ਹੇਠਲੇ ਪਾਣੀ ਵਿਚ ਕਿਵੇਂ ਵਾਧਾ ਹੋ ਸਕਦਾ ਹੈ। ਇਸ ਬਾਰੇ ਵੀ ਕੋਈ ਚਰਚਾ ਨਹੀਂ ਹੈ। ਜੇਕਰ ਪੰਜਾਬ ਵਿੱਚੋਂ ਪਾਣੀ ਮੁੱਕ ਗਿਆ ਤਾਂ ਦੇਸ਼ ਨੂੰ ਅੰਨ ਸੰਕਟ ਦਾ ਸਾਹਮਣਾ ਕਰਨਾ ਪੈ ਜਾਵੇਗਾ। ਰੁਜ਼ਗਾਰ ਦੇ ਵਸੀਲਿਆਂ ਵਿਚ ਵਾਧੇ ਲਈ ਖੇਤੀ ਅਧਾਰਿਤ ਛੋਟੀਆਂ ਸਨੱਅਤਾਂ ਨੂੰ ਪਿੰਡਾਂ ਲਾਗੇ ਸਥਾਪਿਤ ਕਰਨ ਬਾਰੇ ਵੀ ਕੁਝ ਨਹੀਂ ਆਖਿਆ ਗਿਆ। ਪਿੰਡਾਂ ਵਿਚੋਂ ਬੇਰੁਜ਼ਗਾਰੀ ਦੂਰ ਕਰਨ ਦਾ ਇਹ ਸਭ ਤੋਂ ਵਧੀਆ ਵਸੀਲਾ ਹੈ। ਖੇਤੀ ਅਧਾਰਿਤ ਸਨਅਤਾਂ ਲਈ ਕਾਮੇ ਤਿਆਰ ਕਰਨ ਲਈ ਪਿੰਡਾਂ ਲਾਗੇ ਹੀ ਨਵੇਂ ਸਿਖਲਾਈ ਕੇਂਦਰ ਖੋਲ੍ਹਣ ਦੀ ਲੋੜ ਹੈ ਜਿੱਥੇ ਵਧੇਰੇ ਜ਼ੋਰ ਅਸਲੀ ਸਿਖਲਾਈ ਉੱਤੇ ਹੋਵੇ। ਅਸਲ ਵਿਚ ਪੰਜਾਬ ਸਰਕਾਰ ਵੱਲੋਂ ਆਪਣੇ ਸੰਬੰਧਿਤ ਅਦਾਰਿਆਂ ਕੋਲੋਂ ਅਜੇਹੇ ਕਾਰਜਾਂ ਅਧਾਰਿਤ ਸਕੀਮਾਂ ਬਣਾ ਕੇ ਕੇਂਦਰ ਨੂੰ ਵਿੱਤੀ ਸਹਾਇਤਾ ਲਈ ਭੇਜਣੀਆਂ ਚਾਹੀਦੀਆਂ ਹਨ। ਸੂਬੇ ਦੇ ਮਾਹਿਰਾਂ ਵੱਲੋਂ ਆਪ ਜਾ ਕੇ ਨੀਤੀ ਆਯੋਗ ਦੇ ਮਾਹਿਰਾਂ ਨੂੰ ਇਨ੍ਹਾਂ ਦੀ ਮੰਜ਼ੂਰੀ ਲਈ ਕਾਇਲ ਕੀਤਿਆਂ ਹੀ ਸੂਬੇ ਦੀਆਂ ਸਮੱਸਿਆਵਾਂ ਦਾ ਹੱਲ ਲੱਭਿਆ ਜਾ ਸਕਦਾ ਹੈ। ਪੰਜਾਬ ਸਰਕਾਰ ਫੌਰੀ ਸਮੱਸਿਆਵਾਂ ਦੇ ਹੱਲ ਲਈ ਸੂਬੇ ਦੀ ਵਿਸਤਰਿਤ ਸਕੀਮ ਤਿਆਰ ਕਰੇ। ਜੇਕਰ ਅਜਿਹਾ ਕੀਤਾ ਜਾਵੇ ਤਾਂ ਕੇਂਦਰ ਸਰਕਾਰ ਨੂੰ ਇਨ੍ਹਾਂ ਦੀ ਮੰਜ਼ੂਰੀ ਦੇਣ ਤੋਂ ਨਾਂਹ ਕਰਨੀ ਮੁਸ਼ਕਿਲ ਹੋ ਜਾਵੇਗੀ, ਪਰ ਸਾਡੇ ਲੀਫਰਾਂ ਦਾ ਤਾਂ ਬਹੁਤ ਧਿਆਨ ਨਿੱਤ ਹੋਣ ਵਾਲੀਆਂ ਚੋਣਾ ਵੱਲ ਹੀ ਲੱਗ ਰਿਹਾ ਹੈ। ਲੋਕ ਸਭਾ ਦੀਆਂ ਚੋਣਾਂ ਪਿੱਛੋਂ ਜਿਮਨੀ ਚੋਣ, ਮੁੜ ਪੰਚਾਇਤ ਚੋਣਾਂ ਤੇ ਸ਼ਹਿਰੀ ਕਮੇਟੀਆਂ ਦੀਆਂ ਚੋਣਾਂ। ਗੁਆਂਢੀ ਰਾਜਾਂ ਵਿਚ ਹੋਣ ਵਾਲੀਆਂ ਚੋਣਾਂ। ਇਹਨਾਂ ਚੱਕਰਾਂ ਵਿਚ ਹੀ ਪੰਜ ਸਾਲ ਪੂਰੇ ਹੋ ਜਾਂਦੇ ਹਨ। ਸੂਬੇ ਦੇ ਬਹੁਪੱਖੀ ਵਿਕਾਸ ਲਈ ਯੋਜਨਾ ਉਲੀਕਣ, ਵਸੀਲਿਆਂ ਦੀ ਪ੍ਰਾਪਤੀ ਅਤੇ ਉਨ੍ਹਾਂ ਦੀ ਵਰਤੋਂ ਦਾ ਸਮਾਂ ਹੀ ਨਹੀਂ ਮਿਲਦਾ। ਜੇਕਰ ਕੋਈ ਗ੍ਰਾਂਟ ਆ ਵੀ ਜਾਵੇ ਤਾਂ ਉਸ ਦਾ ਬਹੁਤਾ ਹਿੱਸਾ ਹੋਰ ਕੰਮਾਂ ਵਿਚ ਹੀ ਖੁਰਦ-ਬੁਰਦ ਹੋ ਜਾਂਦਾ ਹੈ। ਪੰਜਾਬ ਸਰਕਾਰ ਵੱਲੋਂ ਖੇਤੀ ਵਿਕਾਸ ਦੀਆਂ ਵਧੀਆ ਸਕੀਮਾਂ ਬਣਾ ਕੇ ਕੇਂਦਰ ਤੋਂ ਮੰਜ਼ੂਰ ਕਰਵਾਇਆਂ ਹੀ ਪੰਜਾਬ ਦੀ ਖੇਤੀ ਅਤੇ ਕਿਸਾਨ ਦੀ ਹਾਲਤ ਵਿਚ ਸੁਧਾਰ ਹੋ ਸਕਦਾ ਹੈ।

# ਕਿਸਾਨ ਮੇਲੇ ਅਤੇ ਰੰਗਲਾ ਪੰਜਾਬ



ਪੰਜਾਬੀਆਂ ਨੇ ਲੱਖਾਂ ਮੁਸੀਬਤਾਂ ਆਪਣੇ ਪਿੰਡੇ 'ਤੇ ਹੰਢਾਈਆਂ ਹਨ। ਫਿਰ ਵੀ ਖੁਸ਼ਦਿਲੀ ਤੇ ਮਿਹਨਤ ਦੀ ਤਾਸੀਰ ਪੰਜਾਬੀਆਂ ਨੂੰ ਚੜ੍ਹਦੀ ਕਲਾ ਵਿਚ ਰੱਖਦੀ ਹੈ। ਪੰਜਾਬੀ ਮੁੱਢ ਤੋਂ ਹੀ ਮੇਲਿਆਂ ਦੇ ਸ਼ੌਕੀਨ ਰਹੇ ਹਨ। ਅਜੋਕੇ ਯੁੱਗ ਵਿਚ ਰਵਾਇਤੀ ਮੇਲਿਆਂ ਦੀ ਕਤਾਰਾਂ ਵਿਚ ਵਿਗਿਆਨਕ ਮੇਲਿਆਂ ਨੇ ਆਪਣੀ ਥਾਂ ਬਣਾ ਲਈ ਹੈ। ਕੁਝ ਇਸ ਤਰ੍ਹਾਂ ਦਾ ਹੀ ਰੰਗ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ (ਪੀ. ਏ. ਯੂ.) ਵੱਲੋਂ ਲਗਾਏ ਜਾਂਦੇ ਕਿਸਾਨ ਮੇਲਿਆਂ ਦੀ ਸ਼ੁਰੂਆਤ ਪੀ. ਏ. ਯੂ. ਨੇ 1967 ਵਿਚ ਕੀਤੀ ਸੀ। ਇਨ੍ਹਾਂ ਕਿਸਾਨ ਮੇਲਿਆਂ ਨੇ ਹਰੀ ਕ੍ਰਾਂਤੀ ਨੂੰ ਸਫਲ ਬਣਾਉਣ ਵਿਚ ਦੀਵੇ ਦੀ ਬੱਤੀ ਵਾਲੀ ਭੂਮਿਕਾ ਨਿਭਾਈ ਤਾਂ ਮੁਲਕ ਦੇ ਹੱਥ ਫੜਿਆ ਕਟੋਰਾ ਛੁੱਟਿਆ। ਵਿਗਿਆਨਕ ਮੇਲੇ ਪੀ.ਏ.ਯੂ. ਵੱਲੋਂ ਸਾਲ ਵਿਚ ਦੋ ਵਾਰ 'ਸਾਉਣੀ ਦੀਆਂ ਫਸਲਾਂ' ਸਬੰਧੀ ਮਾਰਚ ਅਤੇ 'ਹਾੜੀ ਦੀਆਂ ਫਸਲਾਂ' ਸਬੰਧੀ ਸਤੰਬਰ ਮਹੀਨੇ ਲਗਾਏ ਜਾਂਦੇ ਹਨ। ਪੀ. ਏ. ਯੂ. ਅਤੇ ਇਸ ਦੇ ਵੱਖ-ਵੱਖ ਕੇਂਦਰਾਂ ਵਿਚ ਕਿਸਾਨ ਮੇਲੇ ਸਤੰਬਰ ਵਿਚ ਸ਼ੁਰੂ ਹੋ ਜਾਂਦੇ ਹਨ। 13-14 ਸਤੰਬਰ ਨੂੰ ਪੀ.ਏ.ਯੂ. ਲੁਧਿਆਣਾ ਅਤੇ ਇਸ ਦੇ ਕਈ ਖੇਤਰੀ ਕੇਂਦਰਾਂ ਜਿਵੇਂ ਫਰੀਦਕੋਟ (10 ਸਤੰਬਰ), ਗੁਰਦਾਸਪੁਰ (18 ਸਤੰਬਰ) ਵਿਖੇ ਲਗਾਏ ਗਏ। ਇਸ ਤੋਂ ਇਲਾਵਾ ਰੌਣੀ ਪਟਿਆਲਾ) (24 ਸਤੰਬਰ) ਅਤੇ ਬਠਿੰਡਾ (27 ਸਤੰਬਰ) ਵਿਚ ਲਗਾਏ ਜਾਣਗੇ। ਇਨ੍ਹਾਂ ਮੇਲਿਆਂ ਦਾ ਮੰਤਵ ਕਿਸਾਨਾਂ ਨੂੰ ਵਿਗਿਆਨਕ ਢੰਗ ਨਾਲ ਖੇਤੀਬਾੜੀ ਕਰਨ ਦੇ ਨਾਲ-ਨਾਲ ਕੁਦਰਤੀ ਸਰੋਤਾਂ ਦੀ ਬੱਚਤ ਕਰਨਾ, ਖੇਤੀ ਲਾਗਤਾਂ ਘਟਾਉਣਾ, ਹੱਥੀਂ ਮਿਹਨਤ ਕਰਨ ਬਾਰੇ ਸੁਨੇਹੇ ਦਿੱਤੇ ਜਾਂਦੇ ਹਨ। ਇਸ ਤੋਂ ਇਲਾਵਾ ਨਿੱਤ ਜੀਵਨ ਦੇ ਖਰਚੇ ਕੱਢਣ ਲਈ ਸਹਾਇਕ ਧੰਦਿਆਂ ਨੂੰ ਅਪਣਾਉਣ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਆਪਣੀ ਫਸਲ ਦੇ ਖੁਦ ਮੰਡੀਕਰਨ ਕਰ ਕੇ ਵਿਚੋਲਿਆਂ ਦੀ ਲੁੱਟ ਤੋਂ ਬਚਾਉਣ ਸਬੰਧੀ ਜਾਗਰੂਕ ਕਰਨਾ ਵੀ ਇਹੋ ਜਿਹੇ ਮੇਲਿਆਂ ਦਾ ਉਦੇਸ਼ ਹੁੰਦਾ ਹੈ।

ਕਿਸਾਨਾਂ ਨੂੰ ਖੇਤੀਬਾੜੀ ਦੀਆਂ ਨਵੀਆਂ-ਨਵੀਆਂ ਖੋਜਾਂ ਅਤੇ ਤਕਨੀਕਾਂ ਬਾਰੇ ਜਾਗਰੂਕ ਕਰਨਾ ਅਤੇ ਆਉਣ ਵਾਲੀ ਰੁੱਤ ਲਈ ਕਿਸਾਨਾਂ ਨੂੰ ਸੁਧਰੀਆਂ ਕਿਸਮਾਂ ਦੇ ਬੀਜ ਮੁਹੱਈਆ ਕਰਨਾ ਇਨ੍ਹਾਂ ਮੇਲਿਆਂ ਦਾ ਅਹਿਮ ਪੱਖ ਹੁੰਦਾ ਹੈ। ਫਸਲਾਂ ਦੇ ਸੁਧਰੇ ਬੀਜਾਂ ਤੋਂ ਇਲਾਵਾ, ਕਿਸਾਨਾਂ ਨੂੰ ਫਲਦਾਰ ਬੂਟੇ, ਸਬਜ਼ੀਆਂ ਅਤੇ ਫੁੱਲਾਂ ਦੇ ਬੀਜ ਅਤੇ ਪਨੀਰੀ ਵੀ ਮੁਹੱਈਆ ਕਰਵਾਏ ਜਾਂਦੇ ਹਨ। ਕੁਦਰਤੀ ਸਰੋਤਾਂ ਦੀ ਬੱਚਤ ਲਈ ਸਿੰਜਾਈ ਸਾਧਨਾਂ ਦੀ ਸੁਚੱਜੀ ਵਰਤੋਂ, ਮਿੱਟੀ ਅਤੇ ਪਾਣੀ ਪਰਖ, ਜੀਵਾਣੂ ਖਾਦਾਂ, ਮੌਸਮ ਦੀ ਅਗਾਊਂ ਜਾਣਕਾਰੀ ਦੀ ਮਹੱਤਤਾ ਬਾਰੇ ਵਿਚਾਰ ਚਰਚਾ ਕੀਤੀ ਜਾਂਦੀ ਹੈ। ਯੂਨੀਵਰਸਿਟੀ ਦੇ ਵੱਖ-ਵੱਖ ਵਿਭਾਗਾਂ ਵੱਲੋਂ ਫਸਲਾਂ, ਸਬਜ਼ੀਆਂ, ਫਲਾਂ, ਫੁੱਲਾਂ ਦੀਆਂ ਕਿਸਮਾਂ, ਪੈਦਾਵਾਰ ਤਕਨੀਕਾਂ, ਪੌਦ-ਸੁਰੱਖਿਆ ਤਕਨੀਕਾਂ ਅਤੇ ਖੇਤੀ ਜਿਣਸਾਂ ਤੋਂ ਬਣਨ ਵਾਲੇ ਵੱਖ-ਵੱਖ ਤਰ੍ਹਾਂ ਦੇ ਪਦਾਰਥਾਂ ਦੀਆਂ ਪ੍ਰਦਰਸ਼ਨੀਆਂ ਲਗਾਈਆਂ ਜਾਂਦੀਆਂ ਹਨ। ਖੇਤੀ ਮਸ਼ੀਨਰੀ ਦੀ ਵਰਤੋਂ ਅਤੇ ਸੰਭਾਲ ਸਬੰਧੀ ਵੱਡਮੁੱਲੀ ਜਾਣਕਾਰੀ ਕਿਸਾਨਾਂ ਨੂੰ ਬਹੁਤ ਲਾਹੇਵੰਦ ਸਿੱਧ ਹੁੰਦੀ ਹੈ।

ਖੇਤੀਬਾੜੀ ਦੇ ਸੰਦ-ਸੰਦੇੜੇ ਅਤੇ ਮਸ਼ੀਨਰੀ ਦੀਆਂ ਸਟਾਲਾਂ ਕਿਸਾਨਾਂ ਨੂੰ ਨਵੇਂ ਆਏ ਆਧੁਨਿਕ ਸੰਦਾਂ ਦੀ ਜਾਣਕਾਰੀ ਮੁਹੱਈਆ ਕਰਦੀਆਂ ਹਨ। ਮਸ਼ੀਨਰੀ ਦੀ ਵਰਤੋਂ ਦੀ ਵਿਧੀ ਅਤੇ ਖਰੀਦ ਮੁੱਲ ਬਾਰੇ ਪੂਰੀ ਜਾਣਕਾਰੀ ਦਿੱਤੀ ਜਾਂਦੀ ਹੈ। ਇਸ ਸਭ ਦੇ ਨਾਲ-ਨਾਲ, ਗ੍ਰਹਿ ਵਿਗਿਆਨ ਵਿਭਾਗ ਵੱਲੋਂ ਵੀ ਆਪਣੇ ਸਟਾਲਾਂ 'ਤੇ ਘਰੇਲੂ ਵਰਤੋਂ ਦੀਆਂ ਹੱਥ ਦੀਆਂ ਬਣੀਆਂ ਵੱਖੋ-ਵੱਖਰੀਆਂ ਵਸਤੂਆਂ ਦੀ ਪ੍ਰਦਰਸ਼ਨੀ ਲਗਾਈ ਜਾਂਦੀ ਹੈ, ਜੋ ਕਿ ਕਿਸਾਨ ਬੀਬੀਆਂ ਲਈ ਜਾਣਕਾਰੀ ਨਾਲ ਭਰਪੂਰ ਹੁੰਦੀ ਹੈ। ਇਨ੍ਹਾਂ ਸਟਾਲਾਂ 'ਤੇ ਕਿਸਾਨ ਬੀਬੀਆਂ ਲਈ 'ਵਰਸਿਟੀ ਵਲੋਂ ਲਾਏ ਜਾਂਦੇ ਸਿਖਲਾਈ ਕੋਰਸਾਂ ਦੀ ਜਾਣਕਾਰੀ ਦਿੱਤੀ ਜਾਂਦੀ ਹੈ। ਕਿਸਾਨ ਬੀਬੀਆਂ ਨੂੰ ਘਰੇਲੂ ਵਸਤੂਆਂ ਜਿਵੇਂ ਸਿਲਾਈ, ਕਢਾਈ, ਅਚਾਰ, ਚਟਣੀਆਂ, ਮੁਰੱਬੇ ਆਦਿ ਬਣਾਉਣ ਦੀਆਂ ਵਿਧੀਆਂ ਅਤੇ ਇਨ੍ਹਾਂ ਦੇ ਮੰਡੀਕਰਨ ਬਾਰੇ ਸਿਖਲਾਈ ਦਿੱਤੀ ਜਾਂਦੀ ਹੈ ਤਾਂ ਜੋ ਉਹ ਆਪਣੇ ਪਰਿਵਾਰ ਦੀ ਆਮਦਨ ਵਿਚ ਵਾਧਾ ਕਰ ਸਕਣ। ਇਸ ਤੋਂ ਇਲਾਵਾ ਪੌਸ਼ਟਿਕ ਭੋਜਨ ਬਾਰੇ ਵੀ ਦੱਸਿਆ ਜਾਂਦਾ ਹੈ।

ਪੀਏਯੂ ਵੱਲੋਂ ਛਪਦਾ ਮਹੀਨਾਵਾਰੀ ਰਸਾਲਾ, 'ਚੰਗੀ ਖੇਤੀ' ਪੰਜਾਬੀ ਵਿਚ ਅਤੇ 'ਪ੍ਰੋਗਰੈਸਿਵ ਫਾਰਮਿੰਗ' ਅੰਗਰੇਜ਼ੀ ਵਿਚ ਹਰ ਮਹੀਨੇ ਖੇਤੀਬਾੜੀ ਨਾਲ ਸਬੰਧਤ ਜਾਣਕਾਰੀ ਲੈ ਕੇ ਆਉਂਦਾ ਹੈ। ਕਿਸਾਨ ਮੇਲੇ ਵਿਚ ਇਸ ਰਸਾਲੇ ਦੇ ਮੈਂਬਰ ਬਣਨ ਲਈ ਖਾਸ ਤੌਰ 'ਤੇ ਸਟਾਲ ਲੱਗਿਆ ਹੁੰਦਾ ਹੈ, ਜਿੱਥੇ ਕਿਸਾਨ ਇਸ ਰਸਾਲੇ ਦੀ ਮੈਂਬਰਸ਼ਿਪ ਲੈ ਸਕਦੇ ਹਨ। ਇਸ ਨਾਲ ਹਰ ਮਹੀਨੇ ਵਿਗਿਆਨਕ ਜਾਣਕਾਰੀ ਖੁਦ ਤੁਹਾਡੇ ਘਰ ਡਾਕ ਰਾਹੀਂ, ਇਸ ਰਸਾਲੇ ਦੇ ਰੂਪ ਵਿਚ ਪਹੁੰਚ ਜਾਇਆ ਕਰੇਗੀ। ਹਾੜ੍ਹੀ ਅਤੇ ਸਾਉਣੀ ਦੀਆਂ ਫਸਲਾਂ ਦੀ ਕਾਸ਼ਤ ਤਕਨੀਕਾਂ ਲਈ, ਯੂਨੀਵਰਸਿਟੀ ਵੱਲੋਂ ਛਪੀਆਂ ਕਿਤਾਬਾਂ 'ਪੰਜਾਬ ਦੀਆਂ ਫਸਲਾਂ ਲਈ ਸਿਫਾਰਸ਼ਾਂ ਸਾਉਣੀ/ਹਾੜੀ' ਵੀ ਖਰੀਦੀਆਂ ਜਾ ਸਕਦੀਆਂ ਹਨ, ਜਿਨ੍ਹਾਂ ਵਿਚ ਫਸਲ ਦੀ ਬਿਜਾਈ, ਸਿਫਾਰਸ਼ ਕੀਤੀਆਂ ਕਿਸਮਾਂ ਤੋਂ ਲੈ ਕੇ ਫਸਲ ਦੀ ਵਾਢੀ ਤੱਕ ਹਰ ਅਹਿਮ ਜਾਣਕਾਰੀ ਦਿੱਤੀ ਗਈ ਹੈ। ਲੁਧਿਆਣਾ ਵਿਚ ਕਿਸਾਨ ਮੇਲੇ ਦੇ ਨਾਲ-ਨਾਲ ਦੋ ਦਿਨਾਂ ਪਸ਼ੂ ਪਾਲਣ ਮੇਲਾ 'ਗੁਰੂ ਅੰਗਦ ਵੈਟਰਨਰੀ ਅਤੇ ਐਨੀਮਲ ਸਾਇੰਸਸ ਯੂਨੀਵਰਸਿਟੀ' ਵਿਚ ਲਗਾਇਆ ਜਾਂਦਾ ਹੈ। ਇਸ ਮੇਲੇ ਵਿਚ ਦੁਧਾਰੂ ਪਸ਼ੂਆਂ ਦੀਆਂ ਪ੍ਰਦਰਸ਼ਨੀਆਂ ਆਦਿ ਖਾਸ ਤੌਰ 'ਤੇ ਕਿਸਾਨਾਂ ਲਈ ਲਗਾਈਆਂ ਜਾਂਦੀਆਂ ਹਨ। ਇਸ ਤੋਂ ਇਲਾਵਾ ਪਸ਼ੂ-ਧਨ ਪ੍ਰਦਰਸ਼ਨੀਆਂ ਦੀਆਂ ਸਟਾਲਾਂ ਦੀ ਕਿਸਾਨਾਂ ਲਈ ਖਿੱਚ ਦਾ ਕੇਂਦਰ ਬਣਦੀਆਂ ਹਨ।

ਇੱਕ ਹੋਰ ਬਹੁਤ ਹੀ ਮਹੱਤਵਪੂਰਨ ਜਾਣਕਾਰੀ ਇਹ ਹੈ ਕਿ ਪੀ ਏ ਯੂ ਵੱਲੋਂ 'ਖੇਤੀ ਸੰਦੇਸ਼' ਨਾਮ ਦਾ ਡਿਜੀਟਲ ਅਖਬਾਰ ਜਾਰੀ ਕੀਤਾ ਗਿਆ ਹੈ, ਜੋ ਕਿਸਾਨਾਂ ਲਈ ਖੇਤੀ ਨਾਲ ਸਬੰਧਤ ਜਾਣਕਾਰੀ ਲੈ ਕੇ ਆਉਂਦਾ ਹੈ। ਇਸ ਅਖਬਾਰ ਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਸਿੱਧਾ ਤੁਹਾਡੇ ਮੋਬਾਈਲ ਫੋਨ ਉੱਪਰ ਪਹੁੰਚਦਾ ਹੈ। ਇਸ ਅਖਬਾਰ ਨੂੰ ਹਾਸਲ ਕਰਨ ਲਈ ਮੋਬਾਇਲ ਨੰਬਰ 82880-57707 'ਤੇ ਮਿਸ ਕਾਲ ਕਰੋ ਜਾਂ ਇਸੇ ਨੰਬਰ 'ਤੇ ਵੱਟਸਐਪ ਰਾਹੀਂ ਆਪਣਾ ਨਾਂ, ਪਿੰਡ ਤੇ ਜ਼ਿਲ੍ਹੇ ਦਾ ਨਾਮ ਲਿਖ ਕੇ ਮੈਸਜ ਕਰੋ, ਤਾਂ ਜੋ ਖੇਤੀਬਾੜੀ ਦੀਆਂ ਵਿਗਿਆਨਕ ਤਕਨੀਕਾਂ ਦੀ ਜਾਣਕਾਰੀ ਸਿੱਧੀ ਤੁਹਾਡੇ ਤੱਕ ਪਹੁੰਚ ਸਕੇ। ਪਿਛਲੇ ਕਿਸਾਨ ਮੇਲੇ 'ਤੇ ਪੀਏਯੂ ਵੱਲੋਂ ਇਕ ਮੋਬਾਈਲ ਐਪ 'ਪੀ ਏ ਯੂ ਕਿਸਾਨ ਐਪ' ਵੀ ਮੁਹੱਈਆ ਕਰਵਾਈ ਗਈ ਹੈ ਜੋ ਕਿਸੇ ਵੀ ਸਮਾਰਟ ਫੋਨ 'ਤੇ ਡਾਊਨਲੋਡ ਕੀਤੀ ਜਾ ਸਕਦੀ ਹੈ। ਇਸ ਕਿਸਾਨ ਐਪ ਵਿਚ ਖੇਤੀਬਾੜੀ ਨਾਲ ਸਬੰਧਤ ਜ਼ਿਲ੍ਹਾ ਪੱਧਰੀ ਜਾਣਕਾਰੀ ਪੰਜਾਬੀ ਵਿਚ ਸਿੱਧਾ ਤੁਹਾਡੇ ਫੋਨ 'ਤੇ ਮੁਹੱਈਆ ਕਰਵਾਈ ਗਈ ਹੈ।



ਪੀ. ਏ. ਯੂ. ਵੱਲੋਂ ਕਿਸਾਨਾਂ ਨੂੰ ਸਮਾਜਿਕ ਪੱਖਾਂ ਅਤੇ ਜ਼ਿੰਮੇਵਾਰੀਆਂ ਸਬੰਧੀ ਵੀ ਚੌਕਸ ਕੀਤਾ ਜਾਂਦਾ ਹੈ। 'ਸਾਦੇ ਵਿਆਹ-ਸਾਦੇ ਭੋਗ ਨਾ ਕਰਜ਼ਾ ਨਾ ਚਿੰਤਾ ਰੋਗ' ਵੱਲ ਕਿਸਾਨਾਂ ਦਾ ਧਿਆਨ ਕੇਂਦ੍ਰਿਤ ਕਰਨ ਨਾਲ ਕਿਸਾਨਾਂ ਨੂੰ ਪ੍ਰੇਰਿਤ ਕੀਤਾ ਜਾਂਦਾ ਹੈ। ਇਸ ਵਿਸ਼ੇ ਸਬੰਧੀ ਕਿਸਾਨਾਂ ਖੁਸ਼ੀ ਗਮੀ ਮੌਕੇ ਸਾਦੇ ਸਮਾਗਮ ਕਰਨ ਲਈ ਪ੍ਰੇਰਿਆ ਜਾਂਦਾ ਹੈ। ਹਜ਼ਾਰਾਂ ਕਿਸਾਨਾਂ ਨੇ ਪਿਛਲੇ ਮੇਲਿਆਂ ਵਿਚ ਤਹਿਤ ਲਗਾਏ ਵਿਸ਼ੇਸ਼ ਬੈਨਰ 'ਤੇ ਆਪਣੇ ਦਸਤਖਤ ਕਰ ਕੇ ਭਵਿੱਖ ਵਿਚ ਸਾਧਾਰਨ 'ਤੇ ਘੱਟ ਖਰਚ ਵਾਲੇ ਪ੍ਰੋਗਰਾਮ ਕਰਨ ਦੀ ਪ੍ਰਣ ਵੀ ਲਿਆ।

ਕਿਸਾਨ ਮੇਲੇ ਵਿਚ ਖੇਤੀ ਜਿਣਸਾਂ ਦੇ ਮੁਕਾਬਲੇ ਵੀ ਕਰਵਾਏ ਤੇ ਜੇਤੂਆਂ ਨੂੰ ਇਨਾਮ ਦਿੱਤੇ ਜਾਂਦੇ ਹਨ। ਅਗਾਂਹਵਧੂ ਕਿਸਾਨਾਂ ਨੂੰ ਉਨ੍ਹਾਂ ਦੀਆਂ ਵਿਗਿਆਨਕ ਢੰਗਾ ਨਾਲ ਖੇਤੀ ਕਰ ਕੇ ਖੇਤੀ ਖੇਤਰ ਵਿਚ ਮਾਰੀਆਂ ਮੱਲਾਂ ਲਈ ਵਿਸ਼ੇਸ਼ ਤੌਰ 'ਤੇ ਸਨਮਾਨਿਆ ਜਾਂਦਾ ਹੈ ਤਾਂ ਜੋ ਬਾਕੀ ਕਿਸਾਨ ਉਨ੍ਹਾਂ ਤੋਂ ਪ੍ਰੇਰਨਾ ਲੈ ਸਕਣ।

ਚੰਗਾ ਹੋਵੇਗਾ ਜੇ ਕਿਸਾਨਾਂ ਦੇ ਬੱਚੇ ਅਤੇ ਬੱਚੀਆਂ ਵੀ ਇਨ੍ਹਾਂ ਮੇਲਿਆਂ ਵਿਚ ਸ਼ਿਰਕਤ ਕਰਨ। ਕਿਉਂਕਿ ਵਿਗਿਆਨੀਆਂ ਨਾਲ ਰੂ-ਬ-ਰੂ ਹੋ ਕੇ ਬੱਚਿਆਂ ਅੰਦਰ ਕਈ ਤਰ੍ਹਾਂ ਦੇ ਨਵੇਂ ਵਿਚਾਰ ਉਤਪੰਨ ਹੁੰਦੇ ਹਨ ਅਤੇ ਉਹ ਵਿਗਿਆਨੀ ਬਣਨ ਦਾ ਸੁਫਨਾ ਵੀ ਦੇਖ ਸਕਦੇ ਹਨ। ਯੂਨੀਵਰਸਿਟੀ ਵਿਚ ਪੜ੍ਹਾਏ ਜਾ ਰਹੇ ਡਿਗਰੀ ਅਤੇ ਡਿਪਲੋਮਾ ਕੋਰਸਾਂ ਦੀ ਜਾਣਕਾਰੀ ਵੀ ਤੁਹਾਨੂੰ ਕਿਸਾਨ ਮੇਲਿਆਂ ਵਿਚ ਮੁਹੱਈਆ ਹੁੰਦੀ ਹੈ ਜਿਸ ਨਾਲ ਅੱਜ ਦੇ ਕਿਸਾਨ ਬੱਚੇ ਕੱਲ ਦੇ ਖੇਤੀਬਾੜੀ ਮਾਹਿਰ ਬਣਨ ਲਈ ਪ੍ਰੇਰਿਤ ਹੋ ਸਕਦੇ ਹਨ। ਇਸ ਤੋਂ ਇਲਾਵਾ ਪੀ ਏ ਯੂ ਵਿਚ ਪੁਰਾਣੇ ਸੱਭਿਆਚਾਰ ਦਾ ਅਜਾਇਬ ਘਰ ਵੀ ਮੇਲੇ ਵਿਚ ਖਿੱਚ ਦਾ ਕੇਂਦਰ ਬਣਿਆ ਰਹਿੰਦਾ ਹੈ। ਇੱਥੇ ਪੁਰਾਣੀਆਂ ਪੰਜਾਬੀ ਵਸਤਾਂ ਸੰਭਾਲ ਕੇ ਰੱਖੀਆਂ ਹੋਈਆਂ ਹਨ। ਨਵੀਂ ਪੀੜ੍ਹੀ ਨੂੰ ਪੁਰਾਣੇ ਪੰਜਾਬੀ ਵਿਰਸੇ ਨਾਲ ਰੂ-ਬ-ਰੂ ਕਰਾਉਣ ਲਈ 'ਅਜਾਇਬ ਘਰ' ਦਾ ਚੱਕਰ ਵੀ ਜ਼ਰੂਰ ਲਗਵਾਓ, ਤਾਂ ਜੋ ਨਵੀਆਂ ਕਰੂੰਬਲਾਂ ਨੂੰ ਡੂੰਘੀਆਂ ਜੜ੍ਹਾ ਨਾਲ ਸੰਜੋ ਕੇ ਰੱਖਿਆ ਜਾ ਸਕੇ।

**"ਚੰਨਣ, ਨਾਜ਼ਰ, ਬੰਤੂ, ਸੰਤੂ ਸੱਦ ਲਏ ਆ ਗੇਲੇ, ਸਤੰਬਰ ਮਹੀਨਾ ਚੜ੍ਹ ਆਇਆ, ਚੱਲੋ ਮਿੱਤਰੋ ਕਿਸਾਨ ਮੇਲੇ।"**

*ਪਸਾਰ ਸਿੱਖਿਆ ਵਿਭਾਗ,*
*ਪੀ ਏ ਯੂ, ਲੁਧਿਆਣਾ।*



# ਹਵਾ ਪ੍ਰਦੂਸ਼ਣ ਨੂੰ ਰੋਕਣ ਲਈ ਝੋਨੇ ਦੇ ਸੀਜ਼ਨ ਵਿੱਚ ਪਰਾਲੀ ਨੂੰ ਅੱਗ ਨਾ ਲਗਾਉਣ ਕਿਸਾਨ

ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਪੰਜਾਬ ਤਕਨੀਕੀ ਯੂਨੀਵਰਸਿਟੀ, ਕਪੂਰਥਲਾ ਦੇ ਸਹਿਯੋਗ ਨਾਲ 5ਵੇਂ ਕੌਮਾਂਤਰੀ ਹਵਾ ਦਿਵਸ ਮੌਕੇ ਸੂਬਾ ਪੱਧਰੀ ਪ੍ਰੋਗਰਾਮ ਆਯੋਜਿਤ ਕੀਤਾ ਗਿਆ, ਜਿਸਦਾ ਇਸ ਸਾਲ ਦਾ ਕੌਮਾਂਤਰੀ ਥੀਮ 'ਇਨਵੈਸਟ ਇਨ ਕਲੀਨ ਏਅਰ ਨਾਓ' ਹੈ।

ਕੌਮਾਂਤਰੀ ਹਵਾ ਦਿਵਸ 'ਤੇ ਇਹ ਸਵੀਕਾਰ ਕੀਤਾ ਜਾਂਦਾ ਹੈ ਕਿ ਸਾਫ਼ ਹਵਾ ਲੋਕਾਂ ਦੀ ਸਿਹਤ ਅਤੇ ਰੋਜ਼ਮੱਰਾ ਦੇ ਜੀਵਨ ਲਈ ਮਹੱਤਵਪੂਰਨ ਹੈ। ਹਵਾ ਦਾ ਪ੍ਰਦੂਸ਼ਣ ਸਿਹਤ ਲਈ ਸਭ ਤੋਂ ਵੱਡਾ ਖਤਰਾ ਹੈ, ਜੋ ਵਿਸ਼ਵ ਵਿੱਚ ਅਨੇਕਾਂ ਬੀਮਾਰੀਆਂ ਅਤੇ ਮੌਤਾਂ ਨੂੰ ਸੱਦਾ ਦੇ ਰਿਹਾ ਹੈ।

ਸੰਯੁਕਤ ਰਾਸ਼ਟਰ ਦੀ ਜਨਰਲ ਅਸੈਂਬਲੀ ਨੇ ਇਸ ਦਿਨ ਨੂੰ ਹਵਾ ਦੀ ਗੁਣਵੱਤਾ ਨੂੰ ਸੁਧਾਰਨ ਲਈ ਹੋਰ ਯਤਨ ਕਰਨ ਦੀ ਲੋੜ 'ਤੇ ਜ਼ੋਰ ਦੇਣ ਲਈ ਪਰਿਭਾਸ਼ਿਤ ਕੀਤਾ ਹੈ।

ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਚੇਅਰਮੈਨ ਪ੍ਰੋ. ਆਦਰਸ਼ਪਾਲ ਸਿੰਘ ਸਮਾਰੋਹ ਦੇ ਮੁੱਖ ਮਹਿਮਾਨ ਸਨ, ਜਿਨ੍ਹਾਂ ਨੇ ਸੂਬੇ ਵਿੱਚ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਕੀਤੇ ਜਾ ਰਹੇ ਯਤਨਾਂ ਦੀ ਜਾਣਕਾਰੀ ਦਿੱਤੀ। ਉਨ੍ਹਾਂ ਨੇ ਇੱਕ ਵਾਰ ਵਰਤੋਂ ਵਾਲੇ ਪਲਾਸਟਿਕ ਅਤੇ ਪਲਾਸਟਿਕ ਥੈਲਿਆਂ ਦੀ ਵਰਤੋਂ ਨੂੰ ਘੱਟ ਕਰਨ 'ਤੇ ਜ਼ੋਰ ਦਿੱਤਾ।

ਸ੍ਰੀ ਸਵਰਨ ਸਿੰਘ ਨੈਸ਼ਨਲ ਇੰਸਟੀਚਿਊਟ ਆਫ ਬਾਇਓਲਾਜੀ ਐਨਰਜੀ ਕਪੂਰਥਲਾ ਦੇ ਡਾਇਰੈਕਟਰ ਜਨਰਲ ਡਾ. ਜੀ. ਸ਼੍ਰੀਧਰ ਤੇ ਪੰਜਾਬ ਤਕਨੀਕੀ ਯੂਨੀਵਰਸਿਟੀ ਦੇ ਉਪ-ਕੁਲਪਤੀ ਡਾ. ਸੁਸ਼ੀਲ ਮਿੱਤਲ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ।

ਯੂਨੀਵਰਸਿਟੀ ਦੇ ਪ੍ਰੋਗਰਾਮ ਕੋਆਰਡੀਨੇਟਰ ਦਾ ਚੰਦਰ ਪ੍ਰਕਾਸ਼ ਨੇ ਨੈਸ਼ਨਲ ਕਲੀਨ ਏਅਰ ਪ੍ਰੋਗਰਾਮ 'ਤੇ ਆਪਣੇ ਵਿਚਾਰ ਰੱਖੇ। ਪੀ. ਟੀ. ਯੂ. ਦੇ ਡੀਨ (ਪਲਾਨਿੰਗ) ਡਾ. ਹਿਤੇਸ਼ ਸ਼ਰਮਾ ਅਤੇ ਵਿਦਿਆਰਥੀ ਕੋਆਰਡੀਨੇਟਰ ਆਲੋਕ ਝਾਅ ਨੇ ਹਵਾ ਪ੍ਰਦੂਸ਼ਣ ਅਤੇ ਉਸ ਨੂੰ ਘੱਟ ਕਰਨ ਲਈ ਜ਼ਰੂਰੀ ਕਦਮਾਂ 'ਤੇ ਆਪਣੇ ਵਿਚਾਰ ਰੱਖੇ। ਇਸ ਮੌਕੇ ਵਿਦਿਆਰਥੀਆਂ ਵਿੱਚ ਪੋਸਟਰ ਅਤੇ ਭਾਸ਼ਣ ਪ੍ਰਤੀਯੋਗਿਤਾ ਕਰਵਾਈ ਗਈ। ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਚੇਅਰਮੈਨ ਨੇ ਬਾਅਦ ਵਿੱਚ ਵਿਦਿਆਰਥੀਆਂ ਨੂੰ ਸਨਮਾਨਿਤ ਵੀ ਕੀਤਾ।

# ਛੱਡ ਕੇ ਪਿੰਡਾਂ ਨੂੰ ਯਾਦ ਕਰੋਗੇ ਖੂਹਾਂ ਦੀਆਂ ਟਿੰਡਾਂ ਨੂੰ

ਕਾਲਾ ਸਿੰਘ ਸੈਣੀ
ਮੋ. 98767-20402



**ਬਲਦਾਂ ਦੀਆਂ ਜੋੜੀਆਂ, ਝੋਟਾ ਜਾਂ ਬੋਤੀ ਨਾਲ ਖੇਤੀ ਦੀ ਸਿੰਚਾਈ ਲਈ ਖੂਹਾਂ ਹਲਟਾਂ ਦੀ ਵਰਤੋਂ ਕੀਤੀ ਜਾਂਦੀ ਰਹੀ ਹੈ। ਗਾਧਲ ਤੋਂ ਹੱਥਾਂ ਨਾਲ ਗੇੜ ਕੇ ਪਾਣੀ ਪੀਣ ਵਾਲੇ ਖੂਹ ਨੂੰ ਹਲਟੀ ਆਖਿਆ ਜਾਂਦਾ ਹੈ। ਇਨ੍ਹਾਂ ਹਲਟੀਆਂ ਦੀ ਬਣਤਰ ਹਲਟਾਂ ਵਰਗੀ ਹੀ ਹੁੰਦੀ ਹੈ। ਲੱਜ 'ਤੇ ਡੋਲ ਨਾਲ ਪਾਣੀ ਕੱਢ ਕੇ ਵਰਤੋਂ ਵਿਚ ਲਿਆਉਣ ਵਾਲੇ ਖੂਹ ਦੀ ਮੌਣ 'ਤੇ ਦੋ ਲੱਕੜੀਆਂ ਦੇ ਵਿਚਾਲੇ ਪੌਣੀ ਲੱਗੀ ਹੁੰਦੀ ਹੈ, ਜਿਸ ਤੇ ਲੱਜ ਚੱਲਦੀ ਹੈ। ਪਸ਼ੂਆਂ ਨੂੰ ਵੀ ਇਨ੍ਹਾਂ ਖੂਹਾਂ ਤੋਂ ਪਾਣੀ ਕੱਢ ਕੇ ਪਿਲਾਇਆ ਜਾਂਦਾ ਰਿਹਾ ਹੈ, ਘਰੇਲੂ ਵਰਤੋਂ ਲਈ ਘਰਾਂ ਅੰਦਰ ਰੱਖੇ ਘੜੇ ਵੀ ਜਦੋਂ ਚਿੱਤ ਕਰਦਾ ਸੀ, ਔਰਤਾਂ ਵੱਲੋਂ ਖੂਹਾਂ ਤੋਂ ਪਾਣੀ ਭਰ ਕੇ ਰੱਖਿਆ ਜਾਂਦਾ ਸੀ। ਪੁਰਾਤਨ ਸਮੇਂ 'ਚ ਪਾਣੀ ਦਾ ਪੱਤਣ ਉੱਪਰ ਹੋਣ ਕਰਕੇ ਖੂਹਾਂ ਤੋਂ ਸਾਰਾ-ਸਾਰਾ ਦਿਨ ਖੇਤਾਂ ਨੂੰ ਪਾਣੀ ਦਿੱਤਾ ਜਾਂਦਾ ਰਿਹਾ ਹੈ। ਖੂਹਾਂ ਦਾ ਸੀਨੇ ਠਾਰਦਾ ਠੰਢਾ ਠਾਰ ਪਾਣੀ ਅਰੋਗ ਰਹਿਤ ਵੀ ਹੁੰਦਾ।**

ਪੁਰਾਤਨ ਸਮੇਂ ਤੋਂ ਹੀ ਖੂਹ ਸਾਡੀ ਵਿਰਾਸਤ ਬਣ ਕੇ ਰਹੇ ਹਨ। ਇਨ੍ਹਾਂ ਨੂੰ ਸੰਭਾਲਣਾ ਸਾਡਾ ਫਰਜ਼ ਹੀ ਨਹੀਂ ਸਾਡੀ ਜ਼ਿੰਮੇਵਾਰੀ ਵੀ ਬਣਦੀ ਹੈ। ਖੂਹਾਂ (ਹਲਟਾਂ) ਨੂੰ ਖੇਤਾਂ ਦੀ ਸਿੰਚਾਈ ਦਾ ਸਭ ਤੋਂ ਵਧੀਆ ਤੇ ਸਸਤਾ ਸਾਧਨ ਮੰਨਿਆ ਜਾਂਦਾ ਰਿਹਾ ਹੈ। ਨਾ ਬਿਜਲੀ ਉਡੀਕਣ ਦੀ ਲੋੜ ਪੈਂਦੀ ਸੀ ਤੇ ਨਾਂ ਮਹਿੰਗੇ ਭਾਅ ਤੇ ਡੀਜ਼ਲ ਫੂਕਣ ਦੀ ਲੋੜ ਪੈਂਦੀ ਸੀ। ਖੇਤੀ ਪ੍ਰਧਾਨ ਸੂਬਾ ਹੋਣ ਕਰਕੇ ਬਹੁ-ਗਿਣਤੀ ਲੋਕਾਂ ਦਾ ਮੁੱਖ ਕਿੱਤਾ ਖੇਤੀਬਾੜੀ ਰਿਹਾ ਹੈ। ਜ਼ਮੀਨਾਂ ਸੀਮਤ ਹੋਣ ਕਰਕੇ ਖੂਹਾਂ ਹਲਟਾਂ ਤੋਂ ਹੀ ਫਸਲਾਂ ਨੂੰ ਪਾਣੀ ਦਿੱਤਾ ਜਾਂਦਾ ਰਿਹਾ ਹੈ। ਹਲਟ ਨੂੰ ਦੋ ਬਲਦਾਂ ਦੀ ਜੋੜੀਆਂ, ਝੋਟਾ ਜਾਂ ਬੋਤਾ ਜੋੜ ਕੇ ਚਲਾਇਆ ਜਾਂਦਾ ਰਿਹਾ ਹੈ, ਜਿਸ ਥਾਂ 'ਤੇ ਇਹ ਚੱਲਦੇ ਸੀ, ਉਸ ਨੂੰ ਪੈੜ ਆਖਿਆ ਜਾਂਦਾ। ਬਲਦਾਂ ਦੇ ਗਲਾਂ 'ਚ ਖੜਕਦੀਆਂ ਟੱਲੀਆਂ ਦੀ ਟਣਕਾਰ, ਹਲਟਾਂ ਦੀਆਂ ਪੈੜਾਂ 'ਤੇ ਤੁਰਦੇ ਬਲਦੇ, ਝੋਟੇ ਤੇ ਬੋਤੀ ਦੇ ਪੈਰਾਂ ਨਾਲ ਉੱਡਦੀ ਮਿੱਟੀ ਵੀ ਮਿੱਠੀ-ਮਿੱਠੀ ਧੂੜ ਵਾਲੀ ਮਹਿਕ ਅੱਜ ਵੀ ਸੀਨੇ ਅੰਦਰ ਵਸਦੀ ਹੈ। ਇਸ ਤੋਂ ਪਹਿਲਾਂ ਕਿ ਇਸ ਲੇਖ ਦੀਆਂ ਸਤਰਾਂ ਨੂੰ ਅੱਗੇ ਤੋਰਾਂ, ਜਿਸ ਵਿਅਕਤੀ ਦੀ ਸੋਚ ਨੇ ਖੂਹਾਂ ਦੀ ਹੋਂਦ ਕਾਇਮ ਕੀਤੀ ਹੈ, ਉਸ ਤੋਂ ਵੀ ਸਦ ਕੇ ਜਾਣ ਨੂੰ ਜੀਅ ਕਰਦਾ ਹੈ। ਖੂਹਾਂ ਦੀਆਂ ਵਸਤਾਂ 'ਚ ਗਾਧਲ, ਗਾਧੀ, ਫਾਲ, ਚਾਬੀ, ਤਾਲੇ, ਕੁੰਡਾ, ਤਾੜੀ, ਧੁਰਾ, ਧੁਰੀ, ਧੱਕੜ, ਮੁਹਾਲਾਂ, ਗੱਡੇ, ਗਜ਼, ਤਵੇ, ਗੱਠ, ਚੱਕਲੀ ਵੱਡੀ, ਚੱਕਲੀ ਛੋਟੀ, ਲੱਠ, ਕੁੱਤਾ, ਬੜੀਏ, ਮੈੜੀ, ਖੇਜ, ਖਾਂਚ, ਪਟੜੀ, ਪੀੜ੍ਹੀ, ਲਟੈਣ, ਘੋੜੀਆਂ, ਪਾੜ੍ਹਛਾ, ਭਰੋਮਣੀ, ਵਾਓਟ, ਬੈੜਤਵੇਂ, ਭਾਰੇ, ਨਸਾਰ, ਖੂਹ ਦੀ



ਮੌਣ, ਕੰਘੀ, ਮਾਲ੍ਹ ਦੀਆਂ ਉਡੀਆਂ, ਟਿੰਡਾਂ, ਮਾਲ੍ਹ ਪੱਤੀਆਂ, ਬੈੜ-ਪੱਤੀ, ਬੈੜ-ਫਲੀਆਂ ਆਦਿ ਖੂਹਾਂ ਹਲਟਾਂ ਨੂੰ ਚਲਾਉਣ 'ਚ ਆਪੋ-ਆਪਣੀ ਥਾਂ 'ਤੇ ਕੰਮ ਕਰਦੀਆਂ ਸਨ।

ਬਲਦਾਂ ਦੀਆਂ ਜੋੜੀਆਂ, ਝੋਟਾ ਜਾਂ ਬੋਤੀ ਨਾਲ ਖੇਤੀ ਦੀ ਸਿੰਚਾਈ ਲਈ ਖੂਹਾਂ ਹਲਟਾਂ ਦੀ ਵਰਤੋਂ ਕੀਤੀ ਜਾਂਦੀ ਰਹੀ ਹੈ। ਗਾਧਲ ਤੋਂ ਹੱਥਾਂ ਨਾਲ ਗੇੜ ਕੇ ਪਾਣੀ ਪੀਣ ਵਾਲੇ ਖੂਹ ਨੂੰ ਹਲਟੀ ਆਖਿਆ ਜਾਂਦਾ ਹੈ। ਇਨ੍ਹਾਂ ਹਲਟੀਆਂ ਦੀ ਬਣਤਰ ਹਲਟਾਂ ਵਰਗੀ ਹੀ ਹੁੰਦੀ ਹੈ। ਲੱਜ 'ਤੇ ਡੋਲ ਨਾਲ ਪਾਣੀ ਕੱਢ ਕੇ ਵਰਤੋਂ ਵਿਚ ਲਿਆਉਣ ਵਾਲੇ ਖੂਹ ਦੀ ਮੌਣ 'ਤੇ ਦੋ ਲੱਕੜੀਆਂ ਦੇ ਵਿਚਾਲੇ ਪੌਣੀ ਲੱਗੀ ਹੁੰਦੀ ਹੈ, ਜਿਸ ਤੇ ਲੱਜ ਚੱਲਦੀ ਹੈ। ਪਸ਼ੂਆਂ ਨੂੰ ਵੀ ਇਨ੍ਹਾਂ ਖੂਹਾਂ ਤੋਂ ਪਾਣੀ ਕੱਢ ਕੇ ਪਿਲਾਇਆ ਜਾਂਦਾ ਰਿਹਾ ਹੈ, ਘਰੇਲੂ ਵਰਤੋਂ ਲਈ ਘਰਾਂ ਅੰਦਰ ਰੱਖੇ ਘੜੇ ਵੀ ਜਦੋਂ ਚਿੱਤ ਕਰਦਾ ਸੀ, ਔਰਤਾਂ ਵੱਲੋਂ ਖੂਹਾਂ ਤੋਂ ਪਾਣੀ ਭਰ ਕੇ ਰੱਖਿਆ ਜਾਂਦਾ ਸੀ। ਪੁਰਾਤਨ ਸਮੇਂ 'ਚ ਪਾਣੀ ਦਾ ਪੱਤਣ ਉੱਪਰ ਹੋਣ ਕਰਕੇ ਖੂਹਾਂ ਤੋਂ ਸਾਰਾ-ਸਾਰਾ ਦਿਨ ਖੇਤਾਂ ਨੂੰ ਪਾਣੀ ਦਿੱਤਾ ਜਾਂਦਾ ਰਿਹਾ ਹੈ। ਖੂਹਾਂ ਦਾ ਸੀਨੇ ਠਾਰਦਾ ਠੰਡਾ ਠਾਰ ਪਾਣੀ ਅਰੋਗ ਰਹਿਤ ਵੀ ਹੁੰਦਾ। ਕਈ ਖੂਹਾਂ ਦੇ ਚਾਰੇ ਪਾਸੇ ਸੀਮਿੰਟ ਦੇ ਪੱਕੇ ਚਬੱਚੇ ਇਸ ਕਰਕੇ ਬਣਾਏ ਹੁੰਦੇ ਸੀ ਕਿ ਇਨ੍ਹਾਂ 'ਤੇ ਪਸ਼ੂਆਂ ਨੂੰ ਪਾਣੀ ਪਿਲਾਇਆ ਜਾਂਦਾ ਅਤੇ ਇਸ ਵਿਚ ਪਾਣੀ ਭਰ ਕੇ ਔਰਤਾਂ ਕੱਪੜੇ ਵੀ ਧੋਂਦੀਆਂ ਸਨ।

ਵਿਰਾਸਤ ਨੂੰ ਸੰਭਾਲਣਾ ਸਾਡਾ ਫਰਜ਼ ਹੀ ਨਹੀਂ ਸਗੋਂ ਸਾਡੀ ਜ਼ਿੰਮੇਵਾਰੀ ਵੀ ਬਣਦੀ ਹੈ। ਜਿਵੇਂ-ਜਿਵੇਂ ਪਾਣੀ ਦੇ ਪੱਤਣ ਡੂੰਘੇ ਹੁੰਦੇ ਗਏ ਅਸੀਂ ਖੂਹਾਂ ਤੋਂ ਦੂਰ ਹੁੰਦੇ ਗਏ। ਘੱਟ ਵਰਤੋਂ ਵਿਚ ਆਉਣ ਕਰਕੇ ਖੂਹਾਂ ਅੰਦਰਲਾ ਪਾਣੀ ਦੂਸ਼ਿਤ ਹੋ ਕੇ ਰਹਿ ਗਿਆ। ਅਜੋਕੇ ਸਮੇਂ ਅੰਦਰ ਖੇਤੀਬਾੜੀ ਲਈ ਸਿੰਚਾਈ ਦੇ ਬਹੁਤ ਸਾਰੇ ਸਾਧਨ ਬਿਜਲੀ ਮੋਟਰਾਂ, ਇੰਜਣ, ਜਰਨੇਟਰ ਆਦਿ ਆ ਗਏ ਹਨ। ਪੀਣ ਲਈ ਸਰਕਾਰੀ ਪਾਣੀ ਹੁਣ ਟਾਈਮ ਨਾਲ ਮੁੱਲ ਮਿਲਣ ਲੱਗ ਪਿਆ ਹੈ। ਬਿਜਲੀ ਦੇ ਉਪਕਰਨਾਂ ਜਿਵੇਂ ਫਰਿੱਜਾਂ ਅੰਦਰ ਪਾਣੀ ਸਟੋਰ ਕਰਕੇ ਪੀਣ ਲੱਗ ਪਏ ਹਾਂ। ਸ਼ੁੱਧ ਪਾਣੀ ਪੀਣ ਲਈ ਰਹਿੰਦੀ ਕਸਰ ਆਰ ਓ ਸਿਸਟਮ ਨੇ ਲੈ ਲਈ ਹੈ ਜਿਸ ਦਾ ਕਾਰਨ ਅਸੀਂ ਤੰਦਰੁਸਤ ਜੀਵਨ ਬਤੀਤ ਕਰਦੇ ਕਰਦੇ ਰੋਗੀ ਬਣਦੇ ਜਾ ਰਹੇ ਹਾਂ। ਕੁਝ ਪਿੰਡਾਂ ਅੰਦਰ ਅੱਜ ਵੀ ਖੂਹਾਂ ਦੀ ਸੰਭਾਲ ਕਰਕੇ ਉਨ੍ਹਾਂ ਦਾ ਪਾਣੀ ਵਰਤੋਂ 'ਚ ਲਿਆਇਆ ਜਾਂਦਾ ਹੈ।

ਪੰਜਾਬ ਦੀ ਧਰਤੀ ਲੋਕ ਗੀਤਾਂ ਦੀ ਧਰਤੀ ਹੈ। ਇਥੋਂ ਦੇ ਲੋਕ ਗੀਤ ਲੋਕ ਮਨਾਂ ਦਾ ਸੱਚਾ ਪ੍ਰਗਟਾਵਾ ਹਨ, ਜੋ ਲੋਕਾਂ ਦੇ ਦਿਲਾਂ 'ਚ ਝਰਨੇ ਦੀ ਤਰ੍ਹਾਂ ਵਗਦੇ ਹਨ। ਚੇਤਿਆਂ 'ਚ ਵਸਦੇ ਗੀਤਾਂ ਦੇ ਬੋਲ ਪੀੜ੍ਹੀ ਦਰ ਪੀੜ੍ਹੀ ਅੱਗੇ ਵਧਦੇ ਹਨ। ਵੰਨ-ਸੁਵੰਨੇ ਲੋਕ ਗੀਤਾਂ, ਲੋਕ ਬੋਲੀਆਂ 'ਚ ਖੂਹਾਂ ਦਾ ਵੀ ਜ਼ਿਕਰ ਆਉਂਦਾ ਹੈ। ਸਾਡੇ ਖੂਹਾਂ ਦੀ ਲੋਕ ਗੀਤਾਂ ਨਾਲ ਗੂੜ੍ਹੀ ਸਾਂਝ ਹੈ, ਜਿਨ੍ਹਾਂ ਨੂੰ ਸਾਡੇ ਸੁਰੀਲੇ ਲੋਕ ਗਾਇਕਾਂ ਤੇ ਗਾਇਕਾਵਾਂ ਨੇ ਖੁੱਭ ਕੇ ਗਾਇਆ ਹੈ। ਪੇਸ਼ ਹਨ ਗੀਤਾਂ ਦੇ ਬੋਲ :

★ ਜੰਗਲ ਦੇ ਵਿਚ ਖੂਹ ਲਵਾ' ਦੇ ਉੱਤੇ ਲਵਾਦੇ ਡੋਲ.....
(ਉਸਤਾਦ ਗਾਇਕ ਲਾਲ ਚੰਦ ਯਮਲਾ ਜੱਟ)

★ ਖੂਹਾਂ ਦਾ ਪਾਣੀ ਏ, ਸੱਜਣਾ ਤੋਂ ਵਾਰ ਦੇਵਾਂ, ਵੇ ਜ਼ਿੰਦ ਉਝ ਵੀ ਤਾਂ ਜਾਣੀ ਏ....
(ਨੁਸਰਤ ਫਤਹਿ ਅਲੀ ਖਾਨ)

★ ਪਾਲੀ ਪਾਣੀ ਖੂਹ ਤੋਂ ਭਰੇ... ਓ ਹੋ... ਆ ਹਾ......
(ਗੁਰਪਾਲ ਸਿੰਘ ਪਾਲ)

★ ਆ 'ਜਾ ਤੂਤਾਂ ਵਾਲੇ ਖੂਹ ਤੇ.....
(ਗੋਲਡਨ ਸਟਾਰ ਮਲਕੀਤ ਸਿੰਘ)

★ ਟਿੰਡ ਖੂਹ ਦੀ ਵਾਂਗੂ ਤੂੰ ਆਈ ਸੀ ਭਰ ਕੇ, ਤੁਰ ਚੱਲੀ ਜ਼ਿੰਦੜੀਏ......
(ਅਮਰ ਸਿੰਘ ਚਮਕੀਲਾ)

★ ਮਲਕੀ ਖੂਹ ਉੱਤੇ ਭਰਦੀ ਸੀ ਪਾਣੀ.......
(ਮੁਹੰਮਦ ਸਦੀਕ)

★ ਹੱਥ 'ਚੋਂ ਲੱਜ ਛੁੱਟ ਗਈ, ਡਿੱਗ ਪਿਆ ਖੂਹੀ ਦੇ ਵਿਚ ਡੋਲ ਵੇ......
(ਗਾਇਕਾ ਮਿਸ ਨੀਲਮ)

ਆਦਿ ਕੀਤਾਂ 'ਚ ਜ਼ਿਕਰ ਆਉਂਦਾ ਹੈ।

ਲੋਕ ਗੀਤਾਂ ਦੇ ਨਾਲ-ਨਾਲ ਕਈ ਸਾਹਿਤਕਾਰਾਂ ਨੇ ਵੀ ਖੂਹਾਂ ਨੂੰ ਆਪਣੀ ਨਿੱਗਰ ਤੇ ਮਿਆਰੀ ਸੋਚ ਵਾਲੀ ਕਲਮ ਨਾਲ ਸ਼ਬਦਾਂ ਦੀ ਮਾਲਾ 'ਚ ਪਰੋਇਆ ਹੈ। ਬਲਦਾਂ ਨਾਲ ਚੱਲਣ ਵਾਲੇ ਹਲਟਾਂ ਦੀ ਗਾਧਲ ਉੱਤੇ ਬੈਠ ਕੇ ਬਲਦਾਂ ਨੂੰ ਹੱਕਣ ਲਈ ਇਕ ਥਾਂ ਬਣਾਈ ਹੁੰਦੀ ਸੀ, ਤਾਂ ਜੋ ਬਲਦਾਂ ਨੂੰ ਹੱਕਣ ਵਾਲਾ ਵਿਅਕਤੀ ਥੱਕ ਨਾ ਜਾਵੇ। ਬਲਦਾਂ ਨੂੰ ਹੱਕਣ ਦੇ ਚਾਅ ਨਾਲ ਇਸ 'ਤੇ ਆਰਾਮ ਨਾਲ ਬੈਠ ਕੇ ਮੁਫਤ ਵਿਚ ਝੂਟਿਆਂ ਦਾ ਆਨੰਦ ਵੀ ਮਾਣ ਲਿਆ ਜਾਂਦਾ। ਇੱਥੇ ਪੇਸ਼ ਹਨ ਪ੍ਰੋਫੈਸਰ ਮੋਹਨ ਸਿੰਘ ਤੇ ਹਰਜਿੰਦਰ ਸਿੰਘ ਸਾਈਂ ਸੁਕੇਤੜੀ ਦੀਆਂ ਸਤਰਾਂ :

ਇਹ ਗਾਧੀ ਬਣੀ ਨਵਾਰੀ,
ਅੱਗੇ ਵਗਦਾ ਬਲਦ ਹਜ਼ਾਰੀ,
ਕਰ ਇਸ ਉਤੇ ਅਸਵਾਰੀ,
ਭੁੱਲ ਜਾਵਣ ਦੇਵੇਂ ਜੱਗ ਨੀ,
ਸਾਡੇ ਖੂਹ 'ਤੇ ਵੱਸਦਾ ਰੱਬ ਨੀ।

----

ਉਂਗਲਾਂ ਦੇ ਨਾਲ ਖਾਣ ਨੂੰ ਹੁਣ
ਮਿਲਦੇ ਲਾਲ੍ਹੇ ਗੁੜ ਦੇ ਨਾ,
ਹੁਣ ਸੱਥਾਂ 'ਚ ਪਹਿਲਾਂ ਵਾਂਗੂ
ਲੋਕੀਂ ਜੁੜਦੇ ਨਾਂ,
ਬਾਤਾਂ ਦੇ ਵਿਚ ਯਾਦ ਕਰਾਂਗੇ
ਖੂਹ ਦੀਆਂ ਟਿੰਡਾਂ ਨੂੰ,
ਭੁੱਲ ਨਾ ਜਾਇਓ ਵਿਰਸਾ,
ਭੁੱਲ ਨਾ ਜਾਇਓ ਵਿਰਸਾ।

## ਮਿਸਤਰੀ ਦੀ ਕਾਰੀਗਰੀ

ਖੂਹਾਂ ਨੂੰ ਤਿਆਰ ਕਰਨਾ ਸੌਖਾ ਜਿਹਾ ਕੰਮ ਨਹੀਂ ਹੈ। ਅਜੋਕੇ ਸਮੇਂ 'ਚ ਇਹ ਕੰਮ ਭਾਵੇਂ ਮਸ਼ੀਨੀਕਰਨ ਨਾਲ ਕੀਤਾ ਜਾਣ ਲੱਗ ਪਿਆ ਹੈ। ਖੂਹਾਂ ਨੂੰ ਤਿਆਰ ਕਰਨ ਲਈ ਖੂਹਾਂ ਦੀ ਡੂੰਘਾਈ ਦੇ ਹਿਸਾਬ ਮੁਤਾਬਿਕ ਸਭ ਤੋਂ ਪਹਿਲਾਂ ਮਿੱਟੀ ਦੀ ਪੁਟਾਈ ਕੀਤੀ ਜਾਂਦੀ ਹੈ। ਪੁਰਾਤਨ ਸਮੇਂ 'ਚ ਖੂਹਾਂ ਨੂੰ ਛੋਟੀਆਂ ਇੱਟਾਂ ਨਾਲ ਚੂਨੇ 'ਚ ਚਣਾਈ ਕਰ ਕੇ ਤਿਆਰ ਕੀਤਾ ਜਾਂਦਾ ਰਿਹਾ ਹੈ। ਮਿਸਤਰੀਆਂ ਦੀ ਇਸ ਕਾਰੀਗਰੀ ਨੂੰ ਦਾਦ ਦੇਣੀ ਬਣਦੀ ਹੈ।

## ਲੋਹੇ ਦਾ ਕੁੰਡਾ

ਖੂਹਾਂ ਵਿਚੋਂ ਪਾਣੀ ਕੱਢਣ ਲਈ ਲੱਜ ਅਤੇ ਡੋਲ ਦੀ ਵਰਤੋਂ ਕੀਤੀ ਜਾਂਦੀ ਰਹੀ ਹੈ। ਕਦੇ-ਕਦੇ ਲੋਹੇ ਦੀ ਬਾਲਟੀ ਨਾਲ ਵੀ ਪਾਣੀ ਕੱਢ ਲਿਆ ਜਾਂਦਾ। ਖੂਹਾਂ ਵਿੱਚੋਂ ਹੱਥੋਂ ਲੱਜ ਛੁੱਟ ਜਾਂਦੀ ਜਾਂ ਫਿਰ ਲੱਜ 'ਚ ਡੋਲ ਖੁੱਲ੍ਹ ਕੇ ਖੂਹ 'ਚ ਡਿੱਗ ਜਾਂਦਾ ਤਾਂ ਉਸ ਸਮੇਂ ਲੋਹੇ ਦੇ ਕੁੰਡੇ ਨੂੰ ਲੱਜ ਬੰਨ੍ਹ ਕੇ ਖੂਹ ਦੇ ਪਾਣੀ 'ਚ ਉਤਾਰ ਦਿੱਤਾ ਜਾਂਦਾ। ਲੋਹੇ ਦੇ ਕੁੰਡਿਆਂ 'ਚ ਖੂਹ ਵਿਚ ਡਿੱਗੇ ਡੋਲ ਅਤੇ ਹੋਰ ਸਾਮਾਨ ਫਸ ਜਾਂਦਾ ਤਾਂ ਖੂਹ 'ਚ ਡਿੱਗਿਆ ਸਾਮਾਨ ਬਾਹਰ ਕੱਢ ਲਿਆ ਜਾਂਦਾ ਸੀ, ਜਿਸ ਨੂੰ 'ਲੋਹੇ ਦੇ ਕੁੰਡਾ' ਕਿਹਾ ਜਾਂਦਾ ਹੈ।

## ਖੂਹਾਂ ਨਾਲ ਇਨਸਾਨ ਦੀ ਗੂੜ੍ਹੀ ਸਾਂਝ

ਖੂਹਾਂ ਨਾਲ ਇਨਸਾਨ ਦੀ ਗੂੜ੍ਹੀ ਸਾਂਝ ਰਹੀ ਹੈ। ਕੱਚੇ ਰਾਹਾਂ ਦਾ ਲੰਮਾ ਪੈਂਡਾ ਤੈਅ ਕਰ ਕੇ ਜਦੋਂ ਰਾਹਾਂ 'ਚ ਰਾਹਗੀਰਾਂ ਨੂੰ ਖੂਹ ਨਜ਼ਰ ਆਉਂਦਾ, ਉਦੋਂ ਇਸ ਤਰ੍ਹਾਂ ਲਗਦਾ, ਜਿਵੇਂ ਖੂਹ ਨੇ ਰੁਕ ਕੇ ਬੈਠ ਜਾਣ ਦਾ ਇਸ਼ਾਰਾ ਕਰ ਦਿੱਤਾ ਹੋਵੇ। ਖੂਹਾਂ ਦਾ ਠੰਢਾ ਠਾਰ ਪਾਣੀ ਪੀਣਾ ਤੇ ਸੀਨੇ ਠਾਰਦਾ ਠੰਡਾ ਪਾਣੀ ਸਾਰੀ ਹੀ ਥਕਾਵਟ ਉਤਾਰ ਦਿੰਦਾ ਸੀ। ਦਰੱਖਤਾਂ ਦੀਆਂ ਸੰਘਣੀਆਂ ਠੰਢੀਆਂ ਛਾਵਾਂ ਹੇਠ ਬੈਠਿਆਂ ਨੂੰ ਇੰਝ ਲੱਗਦਾ ਸੀ, ਜਿਵੇਂ ਅਸੀਂ ਦੋ ਘੜੀਆਂ ਕੁਦਰਤ ਨਾਲ ਕੁਝ ਪਲ ਗੱਲ ਕਰ ਲਈਆਂ ਹੋਣ। ਖੂਹਾਂ ਦੀਆਂ ਮੌਣਾਂ ਉੱਤੇ ਖੜਕਦੇ ਡੋਲ , ਬਲਦਾਂ ਦੇ ਗਲਾਂ 'ਚ ਖੜਕਦੀਆਂ ਟੱਲੀਆਂ ਦੀ ਟਣਕਾਰ ਤੋਂ ਦੂਰ ਹੋਣਾ ਸਾਡੇ ਲਈ ਚਿੰਤਾ ਦਾ ਵਿਸ਼ਾ ਹੈ। ਸਾਨੂੰ ਆਪਣੀ ਅਮੀਰ ਵਿਰਾਸਤ ਨੂੰ ਸੰਭਾਲਣਾ ਸਮੇਂ ਦੀ ਮੁੱਖ ਲੋੜ ਹੈ।

## ਬੁਝਾਰਤਾਂ 'ਚ ਖੂਹਾਂ ਦਾ ਜ਼ਿਕਰ

ਪੰਜਾਬੀ ਲੋਕ ਗੀਤਾਂ ਅਤੇ ਪੰਜਾਬੀ ਸਾਹਿਤ ਦੇ ਨਾਲ-ਨਾਲ ਖੂਹਾਂ ਹਲਟਾ ਦਾ ਬੁਝਾਰਤਾਂ (ਬਾਤਾਂ) ਵਿਚ ਵੀ ਜ਼ਿਕਰ ਆਉਂਦਾ ਹੈ। ਬਚਪਨ ਦੀਆਂ ਇਹ ਯਾਦਾਂ ਅੱਜ ਵੀ ਸਾਡੇ ਜ਼ਿਹਨ 'ਚ ਵਸਦੀਆਂ ਨੇ, ਜਦੋਂ ਛੋਟੀ ਉਮਰੇ ਇਕੱਠੇ ਬੈਠ ਕੇ ਬੁਝਾਰਤਾਂ ਪਾਉਂਦੇ ਸੀ। ਜਿਵੇਂ ਬੁੱਝੋ ਬੁਝਾਰਤਾਂ : 'ਆਰ ਢਾਂਗਾ-ਪਾਰ ਢਾਂਗਾ ਵਿੱਚ ਟੱਲਮ-ਟੱਲੀਆਂ, ਆਉਣ ਕੂੰਜਾਂ ਦੇਣ ਬੱਚੇ ਨਦੀ ਨਾਵਣ ਚੱਲੀਆਂ', ਆਦਿ।

## ਸਾਂਝੀਵਾਲਤਾ ਦਾ ਸੁਨੇਹਾ

ਪੁਰਾਤਨ ਸਮੇਂ ਤੋਂ ਸਾਡੇ ਗੁਰੂਆਂ-ਪੀਰਾਂ, ਫਕੀਰਾਂ ਨੇ ਸਾਂਝੀਵਾਲਤਾ ਦਾ ਸੁਨੇਹਾ ਦਿੰਦਿਆਂ ਕੁੱਲ ਲੋਕਾਈ ਲਈ ਖੂਹ ਲਗਵਾਏ, ਜਿਨ੍ਹਾਂ ਦਾ ਜ਼ਿਕਰ ਇਤਿਹਾਸ ਵਿਚ ਵੀ ਆਉਂਦਾ ਹੈ। ਸਾਡੇ ਗੁਰੂ ਸਾਹਿਬਾਨਾਂ ਨੇ ਵੀ ਖੂਹ ਲਗਵਾਏ। ਸਿੱਖ ਇਤਿਹਾਸ 'ਚ ਵੀ ਇਤਿਹਾਸਕ ਖੂਹਾਂ ਬਾਰੇ ਅਸੀਂ ਪੜ੍ਹਦੇ-ਸੁਣਦੇ ਆ ਰਹੇ ਹਾਂ।

# ਜੜ੍ਹਾਂ ਵਾਲੀਆਂ ਸਬਜ਼ੀਆਂ ਦੀ ਸਫਲ ਕਾਸ਼ਤ

**ਡਾ. ਬਲਵੀਰ ਕੌਰ,** ਖੇਤੀ ਵਿਗਿਆਨ ਕੇਂਦਰ ਨੂਰਮਹਿਲ

**ਜੜ੍ਹਾਂ ਵਾਲੀਆਂ ਸਬਜ਼ੀਆਂ ਦੀ ਕਾਸ਼ਤ ਤਕਰੀਬਨ 28.07 ਹਜ਼ਾਰ ਹੈਕਟੇਅਰ ਰਕਬੇ ਵਿਚ ਕੀਤੀ ਜਾਂਦੀ ਹੈ ਅਤੇ 249.27 ਕੁਇੰਟਲ ਪ੍ਰਤੀ ਹੈਕਟੇਅਰ ਦੇ ਹਿਸਾਬ ਨਾਲ 699.61 ਹਜ਼ਾਰ ਟਨ ਉਤਪਾਦਨ ਹਰ ਸਾਲ ਹੁੰਦਾ ਹੈ। ਅੱਜ ਦੇ ਸਮੇਂ ਵਿਚ ਪੰਜਾਬ ਵਿਚ ਪ੍ਰਤੀ ਜੀਅ ਸਬਜ਼ੀਆਂ ਦੀ ਖਪਤ 200 ਗ੍ਰਾਮ ਤੋਂ ਵੀ ਘੱਟ ਹੈ। ਜੜ੍ਹਾਂ ਵਾਲੀਆਂ ਸਬਜ਼ੀਆਂ ਦੀ ਸੁਚੱਜੀ ਕਾਸ਼ਤ ਦੇ ਢੰਗ ਹੇਠ ਲਿਖੇ ਹਨ।**

## ਉੱਨਤ ਕਿਸਮਾਂ :

### ਗਾਜਰ

**ਪੀ ਸੀ 161 (2020)** : ਇਸ ਦੇ ਪੱਤੇ ਗੂੜ੍ਹੇ ਹਰੇ ਅਤੇ ਗਾਜਰਾਂ ਗੂੜ੍ਹੀਆਂ ਲਾਲ, ਲਗਭਗ 30 ਸੈਂਟੀਮੀਟਰ ਲੰਬੀਆਂ ਅਤੇ 2.84 ਸੈਂਟੀਮੀਟਰ ਵਿਆਸ ਦੀਆਂ



ਹੁੰਦੀਆਂ ਹਨ। ਇਸ ਵਿਚ ਜੂਸ ਦੀ ਮਿਕਦਾਰ 575 ਮਿਲੀਲੀਟਰ ਪ੍ਰਤੀ ਕਿਲੋ, ਬੀਟਾਕੈਰੋਟੀਨ 8.88 ਮਿਲੀਗ੍ਰਾਮ ਪ੍ਰਤੀ 100 ਗ੍ਰਾਮ, ਟੀ ਐਸ ਐਸ 9.5 ਪ੍ਰਤੀਸ਼ਤ ਅਤੇ ਖੰਡ ਦੀ ਮਿਕਦਾਰ 8.75 ਪ੍ਰਤੀਸ਼ਤ ਹੈ। ਇਸ ਦੀ ਔਸਤ ਪੈਦਾਵਾਰ 256 ਕੁਇੰਟਲ ਪ੍ਰਤੀ ਏਕੜ ਹੁੰਦੀ ਹੈ।

**ਪੰਜਾਬ ਕੈਰਟ ਰੈੱਡ (2014)** : ਇਸ ਦੇ ਪੱਤੇ ਗੂੜ੍ਹੇ ਹਰੇ ਅਤੇ ਗਾਜਰਾਂ ਗੂੜ੍ਹੀਆਂ ਲਾਲ, ਲਗਭਗ 27 ਸੈਂਟੀਮੀਟਰ ਲੰਬੀਆਂ ਅਤੇ 3.40 ਸੈਂਟੀਮੀਟਰ ਵਿਆਸ ਦੀਆਂ ਹੁੰਦੀਆਂ ਹਨ। ਇਸ ਵਿਚ ਜੂਸ ਦੀ ਮਿਕਦਾਰ 515 ਮਿਲੀਲੀਟਰ ਪ੍ਰਤੀ ਕਿਲੋ, ਅਤੇ ਸੁੱਕਾ ਮਾਦਾ 11.0 ਪ੍ਰਤੀਸ਼ਤ ਹੈ। ਇਸ ਦੀ ਔਸਤ ਪੈਦਾਵਾਰ 230 ਕੁਇੰਟਲ ਪ੍ਰਤੀ ਏਕੜ ਹੁੰਦੀ ਹੈ।

**ਪੰਜਾਬ ਬਲੈਕ ਬਿਊਟੀ (2013)** : ਇਸ ਦੀਆਂ ਜੜ੍ਹਾਂ ਕਾਲੀਆਂ ਹੁੰਦੀਆਂ ਹਨ ਜੋ ਕਿ 26 ਸੈਂਟੀਮੀਟਰ ਲੰਬੀਆਂ ਅਤੇ 3.20 ਸੈਂਟੀਮੀਟਰ ਵਿਆਸ ਦੀਆਂ ਹੁੰਦੀਆਂ ਹਨ। ਖੁਰਾਕੀ ਪੱਖ ਤੋਂ ਇਹ ਬਹੁਤ ਵਧੀਆ ਕਿਸਮ ਹੈ ਅਤੇ ਦਵਾਈਆਂ ਬਣਾਉਣ ਦੇ ਕੰਮ ਵੀ ਆਉਂਦੀ ਹੈ। ਇਹ ਕਿਸਮ ਬਿਜਾਈ ਤੋਂ 93 ਦਿਨਾਂ ਬਾਅਦ ਪੁੱਟਣ ਲਈ ਤਿਆਰ ਹੋ ਜਾਂਦੀ ਹੈ। ਇਸ ਦੀ ਔਸਤ ਪੈਦਾਵਾਰ 196 ਕੁਇੰਟਲ ਪ੍ਰਤੀ ਏਕੜ ਹੁੰਦੀ ਹੈ।

### ਮੂਲੀ

**ਪੰਜਾਬ ਸਫੈਦ ਮੂਲੀ-2 (2015)** : ਇਹ ਮੂਲੀ ਲੰਮੀ (34 ਸੈਂ. ਮੀ.), ਦੁੱਧ



ਚਿੱਟੀ ਅਤੇ ਵਾਲ ਰਹਿਤ ਹੁੰਦੀ ਹੈ। ਇਹ ਕਿਸਮ ਤਕਰੀਬਨ 60 ਦਿਨ ਤੱਕ ਬਿਨਾ ਪੱਕੇ ਖੇਤ ਵਿਚ ਰਹਿ ਸਕਦੀ ਹੈ। ਇਸ ਦੀ ਪੈਦਾਵਾਰ 236 ਕੁਇੰਟਲ ਪ੍ਰਤੀ ਏਕੜ ਹੁੰਦੀ ਹੈ।

**ਪੰਜਾਬ ਪਸੰਦ (1997)** : ਇਹ ਮੂਲੀ ਲੰਮੀ, ਦੁੱਧ ਚਿੱਟੀ, ਇਕਸਾਰ ਮੋਟਾਈ ਵਾਲੀ ਅਤੇ ਵਾਲ ਰਹਿਤ, ਪੱਤੇ ਘੱਟ ਅਤੇ ਸਿੱਧੇ ਖੜ੍ਹੇ ਹੁੰਦੇ ਹਨ। ਮੁੱਖ ਮੌਸਮ ਲਈ ਇਹ ਛੇਤੀ ਤਿਆਰ ਹੋਣ ਵਾਲੀ ਕਿਸਮ ਹੈ। ਜੋ ਕਿ ਬਿਜਾਈ ਤੋਂ 45 ਦਿਨਾਂ ਵਿਚ ਤਿਆਰ ਹੋ ਜਾਂਦੀ ਹੈ। ਮੁੱਖ ਮੌਸਮ ਵਿਚ ਔਸਤ ਪੈਦਾਵਾਰ 215 ਕੁਇੰਟਲ ਪ੍ਰਤੀ ਏਕੜ ਹੈ ਅਤੇ ਬੇਮੌਸਮੀ ਫਸਲ ਵਿਚ 140 ਕੁਇੰਟਲ ਪ੍ਰਤੀ ਏਕੜ ਝਾੜ ਦਿੰਦੀ ਹੈ।

### ਸ਼ਲਗਮ

**ਐਲ.1 (1974)** : ਇਸ ਕਿਸਮ ਦੀ ਜੜ੍ਹ ਗੋਲ, ਸਫੈਦ, ਪੱਧਰੀ, ਚੂਹੇ ਪੂਛੀ



ਅਤੇ ਨਿੰਮੀ-ਨਿੰਮੀ ਮਹਿਕ ਵਾਲੀ ਹੁੰਦੀ ਹੈ। ਇਹ ਬੀਜਣ ਤੋਂ 45 ਤੋਂ 60 ਦਿਨਾਂ ਬਾਅਦ ਪੁੱਟੀ ਜਾ ਸਕਦੀ ਹੈ। ਇਸ ਦੇ ਪੱਤੇ ਪੂਰੇ ਖੜ੍ਹਵੇਂ, ਦਰਮਿਆਨੇ ਆਕਾਰ ਦੇ ਅਤੇ ਗੂੜ੍ਹੇ ਰੰਗ ਦੇ ਹੁੰਦੇ ਹਨ। ਇਹ ਔਸਤਨ 105 ਕੁਇੰਟਲ ਪ੍ਰਤੀ ਏਕੜ ਉਪਜ ਦਿੰਦੀ ਹੈ।

**ਸੁਚੱਜੀ ਕਾਸ਼ਤ ਦੇ ਢੰਗ** : ਗਾਜਰਾਂ ਅਤੇ ਮੂਲੀਆਂ ਲਈ ਬੀਜ ਦੀ ਮਾਤਰਾ 4-5 ਕਿਲੋ ਸ਼ਲਗਮਾਂ ਲਈ 2 ਕਿਲੋ ਪ੍ਰਤੀ ਏਕੜ ਕਾਫੀ ਹੈ। ਗਾਜਰ ਅਤੇ ਸ਼ਲਗਮ ਦੀਆਂ ਦੇਸੀ ਕਿਸਮਾਂ, ਅਗਸਤ-ਸਤੰਬਰ ਅਤੇ ਅੰਗਰੇਜ਼ੀ ਕਿਸਮਾਂ ਅਕਤੂਬਰ-ਨਵੰਬਰ ਵਿਚ ਬੀਜੀਆਂ ਜਾਂਦੀਆਂ ਹਨ।

ਮੂਲੀਆਂ ਸਰਦ ਰੁੱਤ ਵਿਚ, ਗਰਮੀ ਅਤੇ ਪੱਤਝੜ ਦੀ ਰੁੱਤ ਵਿਚ ਬੀਜੀਆਂ ਜਾਂਦੀਆਂ ਹਨ। ਜੇ ਕਿਸਮ ਦੀ ਸਹੀ ਚੋਣ ਕੀਤੀ ਜਾਵੇ ਤਾਂ ਮੂਲੀ ਦੀ ਕਾਸ਼ਤ ਤਕਰੀਬਨ ਸਾਰਾ ਸਾਲ ਹੀ ਕੀਤੀ ਜਾ ਸਕਦੀ ਹੈ। ਇਨ੍ਹਾਂ ਫਸਲਾਂ ਵਾਸਤੇ ਇਕ ਏਕੜ ਪਿੱਛੇ 15 ਟਨ ਰੂੜੀ ਦੀ ਖਾਦ, 25 ਕਿਲੋ ਨਾਈਟ੍ਰੋਜਨ (55 ਕਿਲੋ ਯੂਰੀਆ) ਅਤੇ 12 ਕਿਲੋ ਫਾਸਫੋਰਸ (75 ਕਿਲੋ ਸੁਪਰਫਾਸਫੇਟ) ਬਿਜਾਈ ਸਮੇਂ ਪਾਓ।

ਗਾਜਰਾਂ ਵਾਸਤੇ ਇਨ੍ਹਾਂ ਖਾਦਾਂ ਤੋਂ ਬਿਨਾਂ 30 ਕਿਲੋ ਪੋਟਾਸ਼ (50 ਕਿਲੋ ਮਿਊਰੇਟ ਆਫ ਪੋਟਾਸ਼) ਪ੍ਰਤੀ ਏਕੜ ਪਾਓ। ਕੱਚੀ ਰੂੜੀ ਨਾ ਪਾਓ। ਬਿਜਾਈ ਤੋਂ ਫੌਰਨ ਬਾਅਦ ਪਹਿਲਾ ਪਾਣੀ ਲਾਓ। ਬਾਅਦ ਵਿਚ ਗਰਮੀਆਂ ਵਿਚ 6-7 ਦਿਨ ਅਤੇ ਸਰਦੀਆਂ ਵਿਚ 10-12 ਦਿਨ ਦੇ ਵਕਫੇ 'ਤੇ ਜ਼ਮੀਨ ਦੀ ਕਿਸਮ ਮੁਤਾਬਿਕ ਸਿੰਚਾਈ ਕਰੋ। ਮੂਲੀ ਅਤੇ ਸ਼ਲਗਮ ਨੂੰ ਗੋਡੀ ਬਿਜਾਈ ਤੋਂ 2-3 ਹਫਤੇ ਬਾਅਦ ਕਰੋ। ਗੋਡੀ ਤੋਂ ਤੁਰੰਤ ਬਾਅਦ ਮਿੱਟੀ ਚੜ੍ਹਾਓ।

## ਕੀੜੇ

**ਚਮਕੀਲੀ ਪਿੱਠ ਵਾਲਾ ਪਤੰਗਾ** : ਇਸ ਕੀੜੇ ਦੀਆਂ ਸੁੰਡੀਆਂ ਅਗਸਤ-ਸਤੰਬਰ ਪੱਤਿਆਂ ਨੂੰ ਖਾਂਦੀਆਂ ਹਨ, ਜਿਸ ਨਾਲ ਪੱਤਿਆਂ ਵਿਚ ਮੋਰੀਆਂ ਹੋ ਜਾਂਦੀਆਂ ਹਨ ਅਤੇ ਬੂਟੇ ਦਾ ਵਾਧਾ ਰੁੱਕ ਜਾਂਦਾ ਹੈ। ਰੋਕਥਾਮ ਲਈ ਲੋੜ ਅਨੁਸਾਰ 300 ਮਿਲੀਲੀਟਰ ਡਾਈਪੈਲ 8 ਐਲ ਜਾਂ 300 ਗ੍ਰਾਮ ਹਾਲਟ ਡਬਲਯੂ ਪੀ 7 ਦਿਨਾਂ ਦੇ ਵਕਫੇ 'ਤੇ ਸ਼ਾਮ ਵੇਲੇ ਛਿੜਕਾਅ ਕਰੋ ਜਾਂ 240 ਮਿਲੀਲੀਟਰ ਸਕਸੈਸ 2.5 ਐਸ ਸੀ (ਸਪਾਈਨੋਸੈਡ) ਜਾਂ 70 ਗ੍ਰਾਮ ਪ੍ਰੋਕਲੇਮ 5 ਐਸ ਜੀ (ਐਮਾਮੈਕਟਿਨ ਬੈਂਜ਼ੋਏਟ) ਜਾਂ 130 ਮਿਲੀਲੀਟਰ ਅਵਾਂਟ 15.8 ਈ ਸੀ (ਇੰਡੋਕਸਾਕਾਰਬ) ਜਾਂ 100 ਮਿਲੀਲੀਟਰ ਸੁਮੀਸੀਡੀਨ 20 ਈ ਸੀ (ਫੈਨਵਲਰੇਟ) ਨੂੰ 80-100 ਲੀਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕੋ।

**ਤੰਬਾਕੂ ਦੀ ਸੁੰਡੀ** : ਇਸ ਕੀੜੇ ਦਾ ਹਮਲਾ ਅਗਸਤ-ਅਕਤੂਬਰ ਵਿਚ ਹੁੰਦਾ ਹੈ। ਇਹ ਪੱਤਿਆਂ ਨੂੰ ਬਿਲਕੁਲ ਮਰੁੰਡ ਦਿੰਦਾ ਹੈ। ਛੋਟੀਆਂ ਸੁੰਡੀਆਂ ਵੱਡੀ ਗਿਣਤੀ ਵਿਚ ਇਕੱਠੇ ਪੱਤੇ ਖਾਂਦੀਆਂ ਹਨ। ਰੋਕਥਾਮ ਲਈ ਇਸ ਦੇ ਆਂਡਿਆਂ ਵਾਲੇ ਪੱਤੇ ਅਤੇ ਸੁੰਡੀ ਇਕੱਠੇ ਕਰ ਕੇ ਨਸ਼ਟ ਕਰ ਦਿਉ। ਚਮਕੀਲੀ ਪਿੱਠ ਵਾਲੇ ਪਤੰਗੇ ਦੀ ਰੋਕਥਾਮ ਵਾਲੀਆਂ ਜ਼ਹਿਰਾਂ ਨਾਲ ਇਹ ਸੁੰਡੀਆਂ ਵੀ ਮਰ ਜਾਂਦੀਆਂ ਹਨ।

**ਤੇਲਾ** : ਇਹ ਕੀੜੇ ਜਨਵਰੀ ਫਰਵਰੀ ਵਿਚ ਪੱਤਿਆਂ ਦਾ ਰਸ ਚੂਸਦੇ ਹਨ, ਜਿਸ ਨਾਲ ਬੂਟੇ ਦਾ ਵਾਧਾ ਰੁੱਕ ਜਾਂਦਾ ਹੈ। ਰੋਕਥਾਮ ਲਈ 250-500 ਮਿਲੀਲੀਟਰ ਮੈਲਾਥੀਆਨ 50 ਈਸੀ ਨੂੰ 80-100 ਲੀਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਛਿੜਕੋ।

## ਬਿਮਾਰੀਆਂ

**ਪਨੀਰੀ ਦਾ ਮਰਨਾ ਅਤੇ ਸ਼ਲਗਮ ਦੀ ਗਿੱਚੀ ਗਲਣਾ** : ਬੂਟੇ ਉੱਗਣ ਤੋਂ ਪਹਿਲਾਂ ਜਾਂ ਬਾਅਦ ਵਿਚ ਮਰ ਜਾਂਦੇ ਹਨ। ਸ਼ਲਗਮ ਦੀ ਗਿੱਚੀ ਗਲਣ ਦਾ ਰੋਗ ਛੋਟੇ ਬੂਟਿਆਂ ਵਿਚ ਨਜ਼ਰ ਆਉਂਦਾ ਹੈ। ਪਹਿਲਾਂ ਗਿੱਚੀ 'ਤੇ ਧਾਰੀਆਂ ਪੈ ਜਾਂਦੀਆਂ ਹਨ ਜੋ ਕਾਲੀਆਂ ਹੋ ਜਾਂਦੀਆਂ ਹਨ ਤੇ ਪੱਤੇ ਸੁੱਕ ਜਾਂਦੇ ਹਨ। ਰੋਕਥਾਮ ਲਈ ਬੀਜ ਨੂੰ 3 ਗ੍ਰਾਮ ਕੈਪਟਾਨ ਜਾਂ ਥੀਰਮ ਦਵਾਈ ਪ੍ਰਤੀ ਕਿਲੋ ਦੇ ਹਿਸਾਬ ਨਾਲ ਸੋਧ ਕੇ ਬੀਜੋ।

**ਕਾਲੇ ਧੱਬੇ** : ਪੱਤਿਆਂ ਦੇ ਕੋਨਿਆਂ ਉੱਪਰ 'ਵੀ' (V) ਵਰਗੇ ਚਟਾਖ ਪੈ ਜਾਂਦੇ ਹਨ ਅਤੇ ਬਾਅਦ ਵਿਚ ਇਨ੍ਹਾਂ ਦੀਆਂ ਨਾੜੀਆਂ ਕਾਲੀਆਂ ਭੂਰੀਆਂ ਤੇ ਕਰੂਪ ਹੋ ਜਾਂਦੀਆਂ ਹਨ, ਪੱਤੇ ਸੁੱਕ-ਸੜ ਜਾਂਦੇ ਹਨ। ਬੀਜ ਨਰੋਈ ਫਸਲ ਵਾਲੇ ਇਲਾਕੇ ਤੋਂ ਲਓ ਅਤੇ ਬੀਜ ਨੂੰ 50 ਡਿਗਰੀ ਸੈਲਸੀਅਸ ਵਾਲੇ ਪਾਣੀ ਵਿਚ 30 ਮਿੰਟ ਲਈ ਡੁਬੋ ਕੇ ਸੁਕਾ ਲਉ। 3 ਗ੍ਰਾਮ ਥੀਰਮ ਜਾਂ ਕੈਪਟਾਨ ਪ੍ਰਤੀ ਏਕੜ ਨਾਲ ਸੋਧ ਲਵੋ। 40 ਗ੍ਰਾਮ ਸਟਰਪੈਟੋਸਾਈਕਲੀਨ ਤੇ 200 ਗ੍ਰਾਮ ਕਾਪਰ ਆਕਸੀਕਲੋਰਾਈਡ ਦੇ ਘੋਲ ਨੂੰ ਬਿਮਾਰੀ ਦੀ ਗੰਭੀਰਤਾ ਅਨੁਸਾਰ ਦੋ-ਤਿੰਨ ਵਾਰ ਛਿੜਕੋ। ਪੁਟਾਈ ਮਗਰੋਂ ਬਿਮਾਰ ਬੂਟੇ ਕੱਢ ਕੇ ਰਹਿੰਦ-ਖੂੰਹਦ ਦਾ ਨਾਸ਼ ਕਰ ਦਿਓ।

**ਗੋਲ ਧੱਬੇ (ਬਲਾਈਟ)** : ਗੋਲ ਧੱਬੇ ਹੇਠਲੇ ਪੱਤਿਆਂ 'ਤੇ ਪੈ ਜਾਂਦੇ ਹਨ। ਬੀਜ ਵਾਲੀ ਫਸਲ ਦੀਆਂ ਫਲੀਆਂ 'ਤੇ ਵੀ ਭੂਰੇ ਧੱਬੇ ਪੈ ਜਾਂਦੇ ਹਨ। ਬਚਾਅ ਲਈ ਬੀਜ ਸੋਧ ਕੇ ਬੀਜੋ। ਫਸਲ ਉੱਪਰ ਹਫਤੇ ਦੀ ਵਿੱਥ 'ਤੇ 500 ਗ੍ਰਾਮ ਇੰਡੋਫਿਲ ਐਮ-45 ਦਾ 200 ਲੀਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕੋ।

# ਵਧੀਆ ਵਾਧੇ ਲਈ ਬੂਟੇ ਵੀ ਵਾਧੂ ਦੇਖਭਾਲ ਚਾਹੁੰਦੇ ਹਨ



**ਜੀ ਹਾਂ, ਤੁਸੀਂ ਸਹੀ ਪੜ੍ਹਿਆ ਹੈ। ਤੁਹਾਡੀ ਰਸੋਈ ਬਗੀਚੀ ਦੇ ਬੂਟੇ ਵੀ ਛੋਟੇ ਬੱਚਿਆਂ ਵੀ ਤਰ੍ਹਾਂ ਹੁੰਦੇ ਹਨ। ਉਹ ਵੀ ਆਪਣੇ ਖਾਣੇ ਲਈ ਤੁਹਾਡੇ 'ਤੇ ਹੀ ਨਿਰਭਰ ਹੁੰਦੇ ਹਨ। ਇਸ ਲਈ ਆਪਣੇ ਵਾਧੂ ਵਾਧੇ ਲਈ ਇਹ ਤੁਹਾਡੇ ਕੋਲੋਂ ਵਾਧੂ ਦੇਖਭਾਲ ਦੀ ਇੱਛਾ ਰੱਖਦੇ ਹਨ। ਪਰ ਘਬਰਾਓ ਨਾ, ਅਸੀਂ ਤੁਹਾਨੂੰ ਕੁਝ ਇਸ ਤਰ੍ਹਾਂ ਦੇ ਨੁਕਤੇ ਦੱਸ ਰਹੇ ਹਾਂ ਜਿਸ ਦੀ ਬਦੌਲਤ ਤੁਸੀਂ ਇਨ੍ਹਾਂ ਨੰਨ੍ਹੇ ਬੂਟਿਆਂ 'ਤੇ ਜਾਨ ਫੂਕ ਸਕਦੇ ਹੋ। ਲਓ ਨੋਟ ਕਰੋ।**

ਬੂਟਿਆਂ ਨੂੰ ਦਿਓ ਜ਼ਰੂਰੀ ਧੁੱਪ ਅਤੇ ਥਾਂ : ਇਕ ਗਮਲੇ ਵਿਚ ਕਦੀ ਭੁੱਲ ਕੇ ਵੀ ਦੋ ਬੂਟੇ ਨਾ ਲਗਾਓ। ਦੋ ਜਾਂ ਦੋ ਤੋਂ ਜ਼ਿਆਦਾ ਬੂਟੇ ਹੋਣ 'ਤੇ ਇਨ੍ਹਾਂ ਦਾ ਭਰਪੂਰ ਵਿਕਾਸ ਨਹੀਂ ਹੁੰਦਾ ਕਿਉਂਕਿ ਜਿਵੇਂ-ਜਿਵੇਂ ਬੂਟਾ ਵਧੇਗਾ, ਉਹ ਇਕਦ ਦੂਜੇ ਲਈ ਸਮੱਸਿਆ ਖੜ੍ਹੀ ਕਰੇਗਾ। ਇਕ ਗਮਲੇ ਵਿਚ ਇਕ ਹੀ ਬੂਟਾ ਲਗਾਓ। ਜੇਕਰ ਬੂਟੇ ਦੀਆਂ ਜੜ੍ਹਾਂ ਤੇਜ਼ੀ ਨਾਲ ਫੈਲਣਗੀਆਂ ਅਤੇ ਉਨ੍ਹਾਂ ਨੂੰ ਜਿੰਨੀ ਖਾਦ ਪਾਣੀ ਦੀ ਜ਼ਰੂਰਤ ਹੋਵੇਗੀ, ਓਨੀ ਮਿਲੇਗੀ ਤਾਂ ਉਨ੍ਹਾਂ ਦਾ ਵਾਧਾ ਸ਼ਾਨਦਾਰ ਹੋਵੇਗਾ, ਪਰ ਜਦੋਂ ਇਕ ਗਮਲੇ ਵਿਚ ਇਕ ਤੋਂ ਜ਼ਿਆਦਾ ਬੂਟੇ ਲੱਗੇ ਹੋਣਗੇ ਤਾਂ ਉਹ ਸਣ ਇਕੋ ਹੀ ਬੂਟੇ ਦੀ ਜ਼ਰੂਰਤ ਦੀ ਖਾਦ ਅਤੇ ਪਾਣੀ ਆਪਸ ਵਿਚ ਵੰਡਣਗੇ। ਨਤੀਜਾ ਕਮਜ਼ੋਰ ਹੋਣਗੇ।

ਇਹੀ ਨਹੀਂ ਜੇਕਰ ਤੁਸੀਂ ਕਿਸੀ ਛੋਟੇ ਗਮਲੇ ਵਿਚ ਕੋਈ ਇਸ ਤਰ੍ਹਾਂ ਦਾ ਬੂਟਾ ਲਗਾ ਦਿੱਤਾ ਹੈ ਜੋ ਜਲਦੀ ਹੀ ਕਾਫੀ ਵੱਡਾ ਹੋ ਗਿਆ ਹੈ ਅਤੇ ਹੁਣ ਉਸ ਦੀ ਖੁਰਾਕ ਲਈ ਉਸ ਗਮਲੇ ਵਿਚ ਖਾਦ ਪਾਣੀ ਨਹੀਂ ਮਿਲ ਰਿਹਾ ਹੈ ਤਾਂ ਕ੍ਰਿਪਾ ਕਰਕੇ ਉਸ ਨੂੰ ਕਿਸੇ ਦੂਜੇ ਵੱਡੇ ਗਮਲੇ ਵਿਚ ਲਗਾ ਦਿਓ ਤਾਂ ਕਿ ਉਸ ਦੀ ਜ਼ਰੂਰਤ ਦਾ ਪਾਣੀ, ਖਾਦ ਅਤੇ ਜੜ੍ਹਾਂ ਦੇ ਫੈਲਣ ਲਈ ਥਾਂ ਮਿਲ ਸਕੇ।

ਧੁੱਪ ਦੇ ਮਾਮਲੇ ਵਿਚ ਵੀ ਬੂਟੇ ਨੂੰ ਲੈ ਕੇ ਸਾਵਧਾਨ ਰਹੋ। ਜੇਕਰ ਤੁਹਾਡੇ ਬੂਟੇ ਇਸ ਤਰ੍ਹਾਂ ਦੀ ਥਾਂ 'ਤੇ ਰੱਖੇ ਹਨ, ਜਿੱਥੇ ਧੁੱਪ ਨਹੀਂ ਆਉਂਦੀ ਤਾਂ ਬੂਟੇ ਦਾ ਵਾਧਾ ਪ੍ਰਭਾਵਿਤ ਹੋਵੇਗਾ। ਘੱਟ ਧੁੱਪ ਵੀ ਬੂਟਿਆਂ ਦੇ ਭਰਪੂਰ ਵਿਕਾਸ ਵਿਚ ਰੁਕਾਵਟ ਹੈ ਤੇ ਜ਼ਰੂਰਤ ਤੋਂ ਜ਼ਿਆਦਾ ਧੁੱਪ ਵੀ ਚੰਗੀ ਨਹੀਂ ਹੈ। ਬੂਟਿਆਂ ਨੂੰ ਜਿੰਨੀ ਜ਼ਰੂਰਤ ਹੈ, ਓਨੀ ਹੀ ਧੁੱਪ ਦਿਵਾਉਣੀ ਚਾਹੀਦੀ ਹੈ। ਜੇਕਰ ਉਹ ਇਸ ਤਰ੍ਹਾਂ ਦੀ ਥਾਂ 'ਤੇ ਹਨ ਜਿੱਥੇ ਧੁੱਪ ਆਉਂਦੀ ਹੀ ਨਾ ਹੋਵੇ, ਤਾਂ ਉਨ੍ਹਾਂ ਨੂੰ ਹਫਤੇ ਵਿੱਚ ਘੱਟ ਤੋਂ ਘੱਟ ਤਿੰਨ ਦਿਨ ਇਸ ਤਰ੍ਹਾਂ ਦੀ ਥਾਂ 'ਤੇ ਰੱਖੋ ਜਿੱਥੇ ਧੁੱਪ ਆਉਂਦੀ ਹੋਵੇ ਅਤੇ ਜੇਕਰ ਇਸ ਤਰ੍ਹਾਂ ਦੀ ਥਾਂ 'ਤੇ ਗਮਲੇ ਰੱਖੇ ਹੋਣ ਜਿੱਥੇ ਜ਼ਿਆਦਾ ਸਮਾਂ ਧੁੱਪ ਰਹਿੰਦੀ ਹੋਵੇ ਤਾਂ ਵਿਚਾਲੇ-ਵਿਚਾਲੇ ਛਾਂ ਵਿਚ ਵੀ ਜ਼ਰੂਰ ਰੱਖੋ।

**ਅਨੂ ਆਰ.**



# ਬਲਾਕ ਕਾਹਨੂੰਵਾਨ ਦੇ 8 ਗੰਨਾ ਕਾਸ਼ਤਕਾਰਾਂ ਨੇ ਮਿੱਲ ਤੱਕ ਢੋਆ ਢੁਆਈ, ਆਪਸੀ ਬਣੇ ਵਟਸਐਪ ਗਰੁੱਪ ਰਾਹੀਂ ਕੀਟ ਬਿਮਾਰੀ ਤੇ ਸਪਰੇਅ ਖਾਦ ਪਾਉਣ ਦੇ ਫੈਸਲੇ, ਟੁੱਟੀਆਂ ਸੜਕਾਂ ਤੇ ਲੇਟ ਟੁੱਟਵੀਂ ਪੇਮੈਂਟ ਬਾਰੇ ਦੱਸੇ ਫਸਲੀ ਤਜ਼ਰਬੇ



ਕਮਲਇੰਦਰਜੀਤ ਸਿੰਘ ਬਾਜਵਾ
ਬਲਾਕ ਟੈਕਨੋਲੋਜੀ ਮੈਨੇਜਰ,
ਖੇਤੀਬਾੜੀ ਵਿਭਾਗ, ਕਾਹਨੂੰਵਾਨ,
ਜ਼ਿਲ੍ਹਾ ਗੁਰਦਾਸਪੁਰ
ਮੋ. 98150-82401

**ਇਹ ਲੇਖ ਕਾਹਨੂੰਵਾਨ ਦੇ ਗੰਨੇ ਦੇ ਕਾਸ਼ਤਕਾਰਾਂ ਬਾਰੇ ਹੈ । ਜਿਸ ਵਿਚ ਉਹਨਾਂ ਦੀਆਂ ਆਪਣੀਆਂ ਸਮੱਸਿਆਵਾਂ, ਕੰਮ ਕਰਨ ਦੇ ਤਰੀਕੇ, ਉਹਨਾਂ ਦੀ ਸਮਝਦਾਰੀ, ਹੱਲ, ਸੁਝਾਅ ਤੇ ਅਪੀਲਾਂ ਹਨ । ਕਿਸਾਨਾਂ ਕਿਹਾ ਕਿ ਸਰਕਾਰ ਨੂੰ ਚਾਹੀਦਾ ਕਿ ਫਸਲੀ ਰਹਿੰਦ ਖੂੰਹਦ ਨੂੰ ਖੇਤ 'ਚੋਂ ਬਾਹਰ ਨਾ ਕੱਢੇ, ਬਲਕਿ ਹਰੀ ਖਾਦ ਵਜੋਂ ਮਿੱਟੀ ਦੀ ਉਪਜਾਊਤਾ ਨਹੀਂ ਕੋਈ ਟੋਕੇ ਵਾਂਗ ਬੂਰਾ ਬਣਾਉਣ ਵਾਲੀ ਮਸ਼ੀਨ ਜਾਰੀ ਕਰੇ । ਇਸ ਲੇਖ 'ਚ ਬਤੌਰ ਲੇਖਕ ਸਾਡੇ ਵਲੋਂ ਕੁਝ ਦੀ ਐਡ ਨਹੀਂ ਕੀਤਾ ਗਿਆ ।**

**ਲੜੀ ਜੋੜਨ ਲਈ ਪਿਛਲਾ ਅੰਕ ਪੜ੍ਹੋ ।**

**4. ਮਨਪ੍ਰੀਤ ਸਿੰਘ ਪਿੰਡ ਤੁਗਲਵਾਲ (95014-00034)** ਨੇ ਕਿਹਾ ਕਿ ਮੈਂ 33 ਏਕੜ ਰਕਬੇ 'ਚ ਕਾਸ਼ਤ ਕਰਦਾ ਜੋ ਕੁੱਝ ਆਪਣੀ ਤੇ ਕੁਝ ਠੇਕੇ ਤੇ ਹੈ । ਅਸੀਂ 94, 95, 96, 98 ਜੋ ਡਾ ਗੁਲਜ਼ਾਰ ਸਿੰਘ ਫਰੀਦਕੋਟ ਤੋਂ, 11015 ਮਿਲ ਨੇ, 8005 ਜੋ ਦਸੂਹੇ ਦੇ ਦੋਸਤ ਤੋਂ ਲਿਆਂਦੀ । ਅਸੀਂ 10 ਬੰਦਿਆਂ ਨੂੰ ਰੋਜ਼ਗਾਰ ਦਿੱਤਾ ਜੋ ਪੱਕੇ ਬੈਠੇ ਹਨ । ਗੰਨੇ ਦੀ ਮੁੱਢਲੀ ਜਾਣਕਾਰੀ ਲਈ ਕੋਈ ਗੰਨੇ ਅਦਾਰੇ/ਵਿਭਾਗ ਵੱਲੋਂ ਸਮੇਂ ਸਮੇਂ ਤੇ ਐਡਵਾਇਜ਼ਰੀ ਜਾਰੀ ਨਹੀਂ ਹੁੰਦੀ ਤੇ ਨਾ ਹੀ ਕੋਈ ਸਰੋਤ ਹੈ ਨਾ ਹੀ ਸੋਸ਼ਲ ਮੀਡੀਆ ਗਰੁੱਪ ਬਣਿਆ । ਮੈਂ ਖੁਦ ਸਬਜ਼ੀਆਂ ਲਈ ਸਲਾਨਾ ਪੈ ਦੇ ਕੇ ਉਹਨਾਂ ਦੇ ਸੋਸ਼ਲ ਮੀਡੀਆ ਗਰੁੱਪ ਵਿਚ ਐਡ ਹੋਇਆ । ਇੰਟਰਕਰੋਪਿੰਗ 'ਚ ਮਟਰ, ਅਤੇ ਪਿਆਜ਼ ਗੰਨੇ 'ਚ 4.5 ਫੁੱਟ ਤੇ ਲਗਾਏ । ਸਾਨੂੰ ਉਸ ਦਾ ਬਣਿਆ ਰੇਟ ਨਹੀਂ ਮਿਲਿਆ ਪਰ ਫਸਲ ਜ਼ਰੂਰ ਦੋ ਮਿਲ ਗਈ । ਅਸੀਂ ਰੇਤਲੀ ਹਲਕੀ ਜ਼ਮੀਨ ਚ ਪੰਜ ਬੋਰੇ ਯੂਰੀਆ ਪਾਈ ਪਰ ਭਾਰੀ ਜ਼ਮੀਨ 'ਚ ਦੋ ਬੋਰੇ ਪਾਉਂਦੇ ਹਾਂ ਦੇਸੀ ਰੂੜੀ ਦੀ ਵਰਤੋਂ ਵੀ ਬਥੇਰੀ ਕਰਦੇ ਹਾਂ । ਅਸੀਂ ਮੋਟਰ ਤੇ ਬਲਬ ਲਗਾਏ ਹਨ ਉੱਥੇ ਕੀਟ ਪਤੰਗੇ ਦੇਖਦੇ ਹਾਂ ਅਸੀਂ ਦੇਖਾਂ ਦੇਖੀ ਸਪਰੇਅ ਖਾਦ ਜਲਦੀ ਕੀਤੇ ਨਹੀਂ ਪਾਉਂਦੇ । ਅਗਾਂਹ ਫਸਲ 'ਚ ਕੀੜ ਟਰੈਪ ਲਗਾਵਾਂਗੇ । ਮੈਂ ਖੇਤ ਵਿਚ ਰਹਿੰਦਾ ਹਾਂ ਝੋਨੇ ਤੇ ਗੰਨੇ ਨੂੰ ਰੋਜ਼ ਚੈੱਕ ਕਰਦਾ । ਸਾਡੇ ਗੰਨੇ ਦੇ ਕਾਸ਼ਤਕਾਰਾਂ ਦੇ ਵਟਸਐਪ ਗਰੁੱਪ ਬਣੇ ਹਨ । ਉਸ 'ਚ ਸਲਾਹ ਸੁਝਾਅ ਕਰਕੇ ਸਪਰੇਅ ਖਾਦ ਵਰਤਦੇ ਹਾਂ । ਮਾੜੀ ਮੋਟੀ ਕਰਕੇ ਖਰਾਬੀ ਕਰਕੇ ਸਪਰੇਅ ਨਹੀਂ ਕਰਦੇ । ਪੀ ਏ ਯੂ ਦੇ ਡਾ ਸਰਬਜੀਤ ਸਿੰਘ ਔਲਖ ਤੇ ਡਾ. ਰਵਿੰਦਰ ਸਿੰਘ ਛੀਨਾ ਨਾਲ ਜੁੜੇ ਹਾਂ । ਪੇਮੈਂਟ ਬਾਰੇ ਕਿਹਾ ਕਿ ਸਾਡਾ ਗੰਨਾ ਕੀੜੀ ਤੇ ਬੁੱਟਰੀ ਜਾਂਦਾ ਏਸ ਵਾਰ ਦਸੂਹਾ ਤੇ ਕੀੜੀ ਨੇ ਸੁਧਾਰ ਕੀਤਾ । ਕਹਿੰਦੇ ਤਾਂ ਪੰਦਰਾਂ ਦਿਨ ਚਲੋ ਮਹੀਨੇ ਚ ਵੀ ਹੋ ਜਾਵੇ ਦੋ ਮਹੀਨੇ ਲੇਟ ਮਿਲਦੀ ਅਤੇ ਫਰਵਰੀ ਵਾਲੀ ਅੱਠ ਮਹੀਨੇ ਲੇਟ ਮਿਲੀ । ਬਾਕੀ ਸਰਕਾਰ ਦੇ 55 ਆ ਗਏ । ਸਰਕਾਰ ਨੂੰ ਮਨੋਪਲੀ ਠੀਕ ਕਰਨੀ ਚਾਹੀਦੀ ਹੈ । ਪਰੈਸ਼ਰ ਵਾਲੇ ਬੰਦੇ ਨੂੰ ਪਰਚੀ ਜ਼ਰੂਰ ਪਹਿਲਾਂ ਮਿਲ ਜਾਂਦੀ ਹੈ । ਔਸਤਨ ਝਾੜ 415 ਕੁਇੰਟਲ ਰਹਿੰਦਾ ਕੁਝ ਕੁ ਕਿਸਮਾਂ ਦਾ ਵੱਧ ਵੀ ਨਿਕਲਦਾ ।

**5. ਜਗਮੋਹਨ ਸਿੰਘ ਪਿੰਡ ਪੁਰਾਣੀਆਂ ਬਾਗੜੀਆਂ (99158-37661)** ਨੇ ਕਿਹਾ ਕਿ ਮੈਂ 20 ਏਕੜ ਰਕਬੇ 'ਚ ਗੰਨੇ ਦੀ ਕਾਸ਼ਤ ਕੀਤੀ ਕੁਝ ਠੇਕੇ ਤੇ ਕੁੱਝ ਮਾਲਕੀ ਹੈ । 95, 3102 ਟਾਂਡੇ ਦੇ ਕਿਸਾਨ ਦੇ ਫਾਰਮ ਹਾਊਸ ਤੋਂ ਲਿਆਂਦਾ, 38 ਦਾ ਮੋਢਾ ਲਗਾਇਆ । ਮੈਂ 95 ਦਾ ਬੀਜ ਤਿਆਰ ਕਰਕੇ ਵੇਚਿਆ ਜਿਸ ਦਾ ਝਾੜ ਪੰਜ ਸੌ ਕੁਇੰਟਲ ਰਿਹਾ । ਯੂਰੀਆਂ ਪਹਿਲਾਂ ਪੰਜ ਬੋਰੇ ਪਾਉਂਦੇ ਸੀ ਹੁਣ ਕੇਵਲ ਦੋ ਬੋਰੇ ਪਾਉਂਦੇ ਹਾਂ । ਸਾਨੂੰ ਤਜ਼ਰਬਾ ਕਰਨ ਤੇ ਪਤਾ ਲੱਕਾ ਕਿ ਵੱਧ ਯੂਰੀਆ ਨਾਲ ਵੱਧ ਬਿਮਾਰੀ ਆਉਂਦੀ ਹੈ । ਜਿਥੇ ਪਹਿਲਾਂ ਸੌ ਬੋਰੇ ਲੈਂਦੇ ਸੀ ਉਥੇ ਹੁਣ ਸੱਤਰ ਲੈਂਦੇ ਅਗਾਂਹ ਹੋਰ ਘਟਾਵਾਂਗੇ । ਮਿੱਲਾਂ ਨੂੰ ਛੋਟੇ ਦੋ ਚਾਰ ਕਿਲੇ ਵਾਲਿਆਂ ਲਈ ਫੋਕਲ ਪੁਆਇੰਟਾ ਤੇ ਕੰਡੇ ਲਗਾਉਣ ਚਾਹੀਦੇ ਹਨ ਮਸ਼ੀਨਰੀਆਂ ਦੀ ਘਾਟ ਕਰਕੇ ਉਹਨਾਂ ਨੂੰ ਔਖਾ ਹੁੰਦਾ ਢੋਆ ਢੁਆਈ ਕਰਨਾ । ਵੱਡੇ ਕਿਸਾਨ ਜੋ ਦੂਰੋਂ ਹਨ ਉਹਨਾਂ ਨੂੰ ਲਗਾਤਾਰ ਉਥੇ ਰਹਿਣਾ ਪੈਂਦਾ ਬੇਸ਼ੱਕ ਅਸੀਂ ਲਾਗੇ ਵਾਲੇ ਆ ਜਾਂਦੇ ਹਾਂ । ਢੋਆ ਢੁਆਈ ਬਾਰੇ ਕਿਹਾ ਕਿ ਬਲਵੰਡਾ ਪੁੱਲ ਸਾਲ ਪਹਿਲਾਂ ਹੜਾਂ ਨਾਲ ਟੁੱਟਾ ਅਜੇ ਨਹੀਂ ਬਣਿਆ ਸਾਨੂੰ ਆਲੇ ਦੁਆਲੇ ਦੇ ਪਿੰਡਾਂ ਚੋਂ ਜਾਣਾ ਪੈਂਦਾ । ਹੜਾਂ ਕਰਕੇ ਸੜਕਾਂ ਦਾ ਬੁਰਾ ਹਾਲ ਹੈ ਸਰਕਾਰ ਨੂੰ ਮੁਰੰਮਤ ਕਰਨੀ ਚਾਹੀਦੀ । ਮਾੜੀਆਂ ਸੜਕਾਂ ਕਰਕੇ ਰਿਸਕ ਜਾਣ ਦਾ ਬਣਿਆ ਰਹਿੰਦਾ । ਅਸੀਂ ਟੋਕਨ ਲਵਾ ਕੇ ਘਰ ਆ ਜਾਂਦੇ ਹਾਂ ਮੁੜ ਫੋਨ ਕਰਕੇ ਚਲੇ ਜਾਈਦਾ । ਜ਼ਿਆਦਾ ਰੱਸ਼ ਕਰਕੇ 72 ਘੰਟੇ ਵੀ ਲੱਗ ਜਾਂਦੇ ਹਨ ਜਦਕਿ 24 ਘੰਟੇ ਤੋਂ ਵੱਧ ਸਮਾਂ ਨਹੀਂ ਚਾਹੀਦਾ । ਦੂਰ ਵਾਲਿਆਂ ਲਈ ਔਖਾ । ਪੇਮੈਂਟ ਬਾਰੇ ਕਿਹਾ ਕਿ ਉੱਪਰ ਵਾਲੇ 55 ਹੁਣ ਪਾ ਰਹੇ ਹਨ ਇਹ ਇਕੱਠੇ ਪਾਉਣੇ ਚਾਹੀਦੇ ਹਨ । ਬੰਦਿਆਂ ਨੂੰ ਵੀ ਪੈਸੇ ਦੇਣੇ ਹੁੰਦੇ ਹਨ । ਗੰਨਾ ਸੰਸਥਾਵਾਂ ਵੱਲੋਂ ਕੋਈ ਐਡਵਾਇਜ਼ਰੀ ਬਿਮਾਰੀਆਂ ਬਾਰੇ ਨਹੀਂ ਹੁੰਦੀ । ਅਸੀਂ ਲਗਾਤਾਰ ਫਸਲ ਦੇਖ ਕੇ ਫੇਰ ਆਪਣੀ ਮਰਜੀ ਨਾਲ ਸਪਰੇਅ ਕਰਦੇ ਹਾਂ । ਗੰਨਾ ਅਦਾਰਿਆਂ ਨੂੰ ਪਿੰਡਾਂ ਵਿਚ ਕੈਂਪ ਲਗਾਉਣੇ ਚਾਹੀਦੇ । ਅਸੀਂ ਦੇਖਾ ਦੇਖੀ ਫਜ਼ੂਲ ਸਪਰੇਅ ਤੇ ਖਰਚੀ ਨਹੀਂ ਕਰਦੇ ।

**6. ਨਿਸ਼ਾਨ ਸਿੰਘ ਨੰਬਰਦਾਰ ਪਿੰਡ ਭੈਣੀ ਖਾਦਰ (98764-34898)** ਨੇ ਕਿਹਾ ਹੈ ਮੈਂ 50 ਏਕੜ ਰਕਬੇ 'ਚ ਕਾਸ਼ਤ ਕਰਦਾ ਕੁਝ ਮਾਲਕੀ ਹੈ ਕੁਝ ਠੇਕੇ ਤੇ । ਅਸੀਂ 94, 11015 ਨਵੀਂ ਕਿਸਮ, 13235 ਲਗਾਈ । 95ਵੀਂ ਲਗਾਈ ਬੂਟਾ ਘੱਟ ਪਾੜਦਾ ਪੂਕ ਜ਼ਿਆਦਾ ਰਹਿੰਦੀ । ਅਸੀਂ ਆਪਣੀ ਮਰਜ਼ੀ ਨਾਲ ਫਸਲ ਦੇਖ ਕੇ ਸਪਰੇਅ ਕਰਦੇ ਹਾਂ । ਸਪਰੇਆਂ ਲਈ ਇਕ ਦੂਜੇ ਵੱਲ ਦੇਖਾ ਦੇਖੀਂ ਨਹੀਂ ਚਲਦੇ । ਲੇਬਰ ਦੇ 16 ਬੰਦਿਆਂ ਨੂੰ ਰੋਜ਼ਗਾਰ ਦਿੱਤਾ ਜੋ ਪੱਕੇ ਬੈਠੇ ਹਨ । ਜ਼ਿਆਦਾ ਯੂਰੀਆ ਜ਼ਿਆਦਾ ਹੁੰਮਸ ਕਰਦੀ ਹੈ ਅਸੀਂ ਪਿਛਲੇ 2 ਸਾਲਾਂ ਤੋਂ ਤਜ਼ਰਬਾ ਪਰਖ ਖਾਦ ਘਟਾ ਕੇ ਚਲਦੇ ਹਾਂ ਜਿਸ ਨਾਲ ਫਸਲੀ ਹੋਰ ਫਜ਼ੂਲ ਖਰਚੇ ਬਚ ਜਾਂਦੇ । ਅਸੀਂ ਦੋ ਬੋਰੇ ਯੂਰੀਆ ਤੇ ਇਕ ਡਾਇਆ, ਅੱਧਾ ਪੋਟਾਸ਼ ਮਿਕਸਚਰ ਪਾਉਂਦੇ ਹਾਂ । ਦੁਕਾਨਾਂ ਵਾਲੇ ਇਕ ਚੀਜ਼ ਨਾਲ ਚਾਰ ਚੀਜ਼ਾਂ ਹੋਰ ਬੰਨਦੇ ਹਨ ਆਪਾਂ ਉਹ ਕੰਮ ਬੰਦ ਕੀਤਾ । ਮਿੱਲ ਵਾਲੇ ਆ ਜਾਂਦੇ ਹਨ ਉਹ ਵੀ ਦੱਸ ਜਾਂਦੇ ਸਪਰੇਅ ਬਾਰੇ । ਅਸੀਂ ਬਹੁਤੇ ਗੰਨੇ ਵਾਲੇ ਕਿਸਾਨ ਭਰਾਵਾਂ ਨਾਲ ਗੱਲਬਾਤ ਕਰਕੇ ਫਸਲ ਲਈ ਚੱਲਦੇ ਹਾਂ ਕਿ ਕੀ ਪਾਉਣਾ ਜਾ ਨਹੀਂ, ਹੁਣ ਤਾਂ ਮੇਰਾ ਬੇਟਾ ਵੀ ਤਜ਼ਰਬੇਕਾਰ ਹੈ । ਪਿਛੇ ਜਿਹੇ ਬਿਮਾਰੀ ਆਈ ਜੋ ਬਾਰਿਸ਼ ਨਾਲ ਠੀਕ ਹੋ ਗਈ ਸਪਰੇਅ ਨਹੀਂ ਕੀਤੀ । ਗੰਨੇ ਦਾ ਕੋਈ ਸਰਕਾਰੀ ਅਦਾਰਾ ਨਹੀਂ, ਨਾ ਕੋਈ ਐਡਵਾਇਜ਼ਰੀ ਸਮੱਸਿਆ ਪ੍ਰਤੀ ਜਾਰੀ ਹੁੰਦੀ । ਦੁਕਾਨਾਂ ਵਾਲੇ ਲੁੱਟ ਕਰਦੇ ਹਨ ਗੰਨੇ ਦੇ ਬਕਾਇਦਾ ਡਾਕਟਰ ਏਰੀਏ ਵਿਚ ਹੋਣੇ ਚਾਹੀਦੇ । ਸਰਕਾਰ ਨੂੰ ਚਾਹੀਦਾ ਹੈ ਕਿ ਗੰਨੇ ਦੇ ਸਪੈਸ਼ਲ ਮਾਹਿਰਾਂ ਦੇ ਪਿੰਡ 'ਚ ਕੈਂਪ ਲਗਾਉਣੇ ਚਾਹੀਦੇ । ਢੋਆ ਢੁਆਈ ਬਾਰੇ ਦੱਸਿਆ ਕਿ ਮੇਰੇ ਪਿੰਡ ਤੋਂ ਦੋਨੋਂ ਮਿੱਲਾਂ 17 ਕਿਲੋਮੀਟਰ ਹਨ ਮਿੱਲ 'ਚ ਟਰਾਲੀ ਲਗਾ ਕੇ ਟੋਕਨ ਲੈ ਆਉਂਦੇ ਹਾਂ ਚਾਬੀ ਅੱਗੇ ਪਿਛੇ ਵਾਲੇ ਵਾਕਿਫ ਨੂੰ ਦੇ ਆਉਂਦੇ ਹਾਂ ਜੋ ਟਰਾਲੀ ਅੱਗੇ ਕਰ ਦਿੰਦੇ ਹਨ । ਮੁੜਕੇ ਫੋਨ ਕਰਕੇ ਨੰਬਰ ਪੁੱਛਦੇ ਰਹਿੰਦੇ ਹਾਂ ਲਾਗੇ ਆਉਣ ਤੇ ਫਿਰ ਚਲੇ ਜਾਂਦੇ ਹਾਂ । ਪੇਮੈਂਟ ਬਾਰੇ ਸਰਕਾਰ ਨੂੰ ਅਪੀਲ ਕੀਤੀ ਕਿ 335 ਰੁਪਏ 55 ਜੋ ਵੱਖਰੇ ਮਿਲਦੇ ਹਨ ਉਹ ਇਕੱਠੇ ਮਿਲਣੇ ਚਾਹੀਦੇ ਹਨ ਕਿਉਂਕਿ ਬੰਦਿਆਂ ਨੂੰ ਵੀ ਪੈਸੇ ਨਾਲੋਂ ਨਾਲ ਦੇਣੇ ਪੈਂਦੇ ਹਨ । ਪਹਿਲੀ 40 ਦਿਨਾਂ ਬਾਅਦ ਤੇ ਦੂਜੇ ਹੁਣ ਮਈ ਚ ਪਏ । ਉਹਨਾਂ ਕਿਹਾ ਕਿ ਸੜਕਾਂ ਦਾ ਬੁਰਾ ਹਾਲ ਹੈ ਲੱਦ ਉੱਚੀ ਹੁੰਦੀ ਹੈ ਟਰੈਕਟਰ ਤੇ ਚਾਲਕ ਦੋਨਾਂ ਦਾ ਨੁਕਸਾਨ ਹੁੰਦਾ । ਸੜਕਾਂ ਦੀ ਮੁਰੰਮਤ ਕੀਤੀ ਜਾਣੀ ਚਾਹੀਦੀ । ਔਸਤਨ ਝਾੜ 420 ਕੁਇੰਟਲ ਪ੍ਰਤੀ ਏਕੜ ਰਹਿੰਦਾ ।

**7. ਅਮਰਜੀਤ ਸਿੰਘ ਸਾਬੀ ਪਿੰਡ ਪਸਵਾਲ (98784-56563)** ਨੇ ਕਿਹਾ ਕਿ ਮੈਂ 40 ਏਕੜ ਰਕਬੇ 'ਚ ਕਾਸ਼ਤ ਕਰ ਰਿਹਾ ਕੁਝ ਠੇਕੇ ਤੇ ਕੁਝ ਮਾਲਕੀ ਹੈ । ਅਸੀਂ ਗੰਨਾ 95, 94, 86032, 13386, 39, 11015 ਯੂ ਪੀ ਤੋਂ ਲਿਆਂਦੀ ਕਿਸਮ ਬਹੁਤ ਵਧੀਆ ਰਹੀ । ਅਸੀਂ ਮੌਸਮ ਦੇਖ ਕੇ ਸਪਰੇਅ ਕਰਕੇ ਹਾਂ ਯੂਰੀਆ ਦੋ ਬੋਰੇ ਵੱਧ ਨਹੀਂ ਪਾਏ । ਬਹੁਤੇ ਖੇਤਾਂ 'ਚ ਤਾਂ ਯੂਰੀਆ ਅਤੇ ਸਪਰੇਅ ਦੋਨੋਂ ਨਹੀਂ ਪਾਈਆਂ । ਅਸੀਂ ਲੋਹਾ ਤੇ ਯੂਰੀਆ ਪੰਜ ਕਿਲੋ ਨਾਲ ਸਪਰੇਅ ਕਰਦੇ ਹਾਂ । ਕਿਸਾਨ ਅਮਰਜੀਤ ਸਿੰਘ ਨੇ ਕਿਹਾ ਕਿ ਜ਼ਿਆਦਾ ਯੂਰੀਆ ਜ਼ਿਆਦਾ ਬਿਮਾਰੀ ਨੂੰ ਸੱਦਾ ਹੈ । ਢੋਆ ਢੁਆਈ ਬਾਰੇ ਦੱਸਿਆ ਕਿ ਹੜਾਂ ਤੋਂ ਬਾਅਦ ਸੜਕਾਂ ਦਾ ਬੁਰਾ ਹਾਲ ਹੈ । ਜ਼ਿਆਦਾ ਟੁੱਟਣ ਕਰਕੇ ਹਾਦਸੇ ਦਾ ਰਿਸਕ ਪੂਰਾ ਹੁੰਦਾ । ਸਰਕਾਰ ਨੂੰ ਫਸਲ ਦੇ ਸਮੇਂ ਨੂੰ ਵਿਚਾਰਦਿਆਂ ਸੜਕਾਂ ਦੀ ਮੁਰੰਮਤ ਕਰਨੀ ਚਾਹੀਦੀ ਹੈ । ਪੇਮੈਂਟ ਬਾਰੇ ਕਿਹਾ ਕਿ ਕੰਟਰੈਕਟ ਤੇ 14 ਦਿਨਾਂ ਬਾਰੇ ਦੱਸਿਆ ਤੇ ਪੈਸੇ ਮਿਲਣ ਨੂੰ ਤਿੰਨ ਮਹੀਨੇ ਲੱਗ ਜਾਂਦੇ ਹਨ । ਹੋਲੀ ਹੋਲੀ ਸੁਧਾਰ ਆ ਰਿਹਾ ਹੈ । ਕਿਸਾਨ ਜਥੇਬੰਦੀਆਂ ਦੇ ਆਗੂਆਂ ਦਾ ਲਗਾਤਾਰ ਮਿੱਲਾਂ ਨਾਲ ਸੰਪਰਕ ਦਾ ਅਸਰ ਵੀ ਹੋ ਰਿਹਾ । ਅਸੀਂ ਦੇਖਾ ਦੇਖੀਂ ਸਪਰੇਅ ਖਾਦ ਨਹੀਂ ਪਾਉਂਦੇ । ਮੈਨੂੰ ਲੱਗਦਾ ਖੇਤੀ ਦੁਕਾਨਾਂ ਤੇ ਚੜ੍ਹਨ ਤੋਂ ਪਹਿਲਾਂ ਕਿਸੇ ਮਾਹਿਰ ਜਾਂ ਸੰਸਥਾਵਾਂ ਨਾਲ ਗੱਲ ਬਾਤ ਕਰਨੀ ਚਾਹੀਦੀ ਹੈ ਕੀ ਏਸ ਚੀਜ਼ ਦੀ ਲੋੜ ਹੈ ਜਾਂ ਨਹੀਂ ਫਜ਼ੂਲ ਪਾ ਕੇ ਕੀਤੇ ਖੇਤੀ ਖਰਚੇ ਤਾਂ ਨਹੀਂ ਵਧਾ ਰਹੇ । ਅਸੀਂ ਝੋਨਾ ਵੱਢ ਕੇ ਮਟਰ ਆਲੂ ਲਗਾਉਂਦੇ ਹਾਂ । ਆਲੂਆਂ ਦਾ ਰੇਟ ਨਹੀਂ ਮਿਲਦਾ ਕਈ ਵਾਰ ਤਾਂ ਪੱਲਿਉਂ ਪੈ ਜਾਂਦੇ ਹਨ । ਹੜ੍ਹਾਂ ਦੀ ਸਲਾਬ ਹਾਲੇ ਵੀ ਫਸਲ ਉਠਣ ਨਹੀਂ ਦੇ ਰਹੀ । ਖੇਤੀਬਾੜੀ ਵਿਭਾਗ ਕਾਹਨੂੰਵਾਨ ਦੇ ਵੱਟਸਐਪ ਗਰੁੱਪ ਰਾਹੀਂ ਵੀ ਸਾਨੂੰ ਕਾਫੀ ਕੁਝ ਫਸਲੀ ਪਤਾ ਲੱਗਦਾ ਰਹਿੰਦਾ ਹੈ ।

**8. ਸੁਖਦੇਵ ਸਿੰਘ ਪਿੰਡ ਛਿੰਛਰਾ (81949-33033)** ਨੇ ਕਿਹਾ ਕਿ ਮੈਂ 30 ਏਕੜ ਰਕਬੇ 'ਚ ਕਾਸ਼ਤ ਕਰਦਾ ਹਾਂ ਕੁਝ ਕੁ ਠੇਕੇ ਤੇ ਹੈ ਤੇ ਕੁਝ ਮਾਲਕੀ । ਅਸੀਂ ਸਾਰੀਆਂ ਕਿਸਮਾਂ ਵੱਖ ਵੱਖ ਏਰੀਏ ਦੇ ਕਿਸਾਨਾਂ ਤੋਂ ਲਿਆਂਦੀਆਂ ਜਿਵੇਂ 95, 94, 31027, 8432 ਜੋ ਹੁਣ ਤੱਕ ਸਭ ਤੋਂ ਵਧੀਆ ਰਹੀ । ਮੈਂ ਰੋਜ਼ਾਨਾਂ ਖੇਤ 'ਚ ਗੇੜਾ ਰੱਖਦਾ ਹਾਂ ਕਦੇ ਵੀ ਦੇਖਾ ਦੇਖੀ ਸਪਰੇਅ ਖਾਦ ਨਹੀਂ ਪਾਉਂਦਾ । ਫਸਲ ਚ ਬਿਮਾਰੀ ਦੇਖ ਕੇ ਖੇਤੀ ਦੁਕਾਨਦਾਰ ਨੂੰ ਉਸ ਦੀ ਦਵਾਈ ਦੇਣ ਬਾਰੇ ਕਹਿੰਦੇ ਹਾਂ, ਨਾਲ ਕੋਈ ਹੋਰ ਦਵਾਈ ਨਹੀਂ ਲਿਆਉਂਦੇ । ਜ਼ਿਆਦਾਤਰ ਕੀੜੇ ਬਿਮਾਰੀ ਸਬੰਧੀ ਆਪਣੇ ਸੰਪਰਕ ਦੇ ਕਿਸਾਨਾਂ ਨਾਲ ਗੱਲਬਾਤ ਕਰਕੇ ਸਪਰੇਅ ਕਰਦੇ ਹਾਂ । ਅਸੀਂ ਯੂਰੀਆ ਤਿੰਨ ਬੋਰੇ ਪਾਉਂਦੇ ਹਾਂ । ਪੇਮੈਂਟ ਬਾਰੇ ਦੱਸਿਆ ਕਿ ਸਾਡਾ ਗੰਨਾ ਮੁਕੇਰੀਆਂ ਮਿਲ ਜਾਂਦਾ ਜਿੱਥੇ 24 ਫਰਵਰੀ ਦੇ ਗੰਨੇ ਦੀ ਅਜੇ ਤੱਕ ਅਦਾਇਗੀ ਨਹੀਂ ਹੋਈ । ਕਹਿੰਦੇ ਤਾਂ 14 ਦਿਨਾਂ ਤੱਕ ਸੀ ਪਰ ਸਮੇਂ ਸਿਰ ਪਾਉਂਦੇ ਨਹੀਂ । ਢੋਆ ਢੁਆਈ ਬਾਰੇ ਕਿਹਾ ਕਿ ਛੋਟੇ ਕਿਸਾਨਾ ਲਈ ਜੇਕਰ ਕੰਢੇ ਫੋਕਲ ਪੁਆਇੰਟਾਂ ਤੇ ਲੱਗਦੇ ਹਨ ਤਾਂ ਕਰਾਇਆ ਮਿੱਲਾਂ ਤਦ ਵੀ ਕੱਟਣਾ । ਉੱਥੇ ਹੀ ਪਹੁੰਚਾ ਦਿਓ । ਸੜਕਾਂ ਬਾਰੇ ਜਾਣਕਾਰੀ ਦਿੱਤੀ ਕਿ ਅਸੀਂ ਆਪ ਕਿਸਾਨਾਂ ਨੇ ਪੈਸੇ ਇਕੱਠੇ ਕਰਕੇ ਮੁਕੇਰੀਆਂ ਮਿਲ ਨੂੰ ਜਾਂਦੇ ਰਸਤੇ ਵਿਚ ਆਪ ਗੜਕਾ ਪਾਇਆ । ਸੜਕ ਦੀ ਰਿਪੇਅਰ ਕਰਨ ਵੱਲ ਧਿਆਨ ਨਹੀਂ ਕਿਸੇ ਸਰਕਾਰ ਦਾ । ਕੁਝ ਛੋਟੀਆਂ ਹਨ ਕੁਝ ਟੁੱਟੀਆਂ । ਖੇਤੀ ਦੁਕਾਨਾਂ ਵਾਲੇ ਆਪੋ ਆਪਣੇ ਕੰਪਨੀਆਂ ਦੇ ਹਿਸਾਬ ਨਾਲ ਚੱਲਦੇ ਹਨ । ਜਿਸ ਨਾਲ ਬੇਲੋੜੀ ਖੇਤੀ ਸਮੱਗਰੀ ਕਿਸਾਨ ਦੇ ਉੱਪਰ ਬੋਝ ਨਾਲ ਖੇਤ ਨੂੰ ਪਾਉਂਦੇ ਹਨ । ਗੰਨੇ ਦੇ ਵਿਭਾਗ ਜਾਂ ਅਦਾਰੇ ਦੇ ਕੋਈ ਏਸ ਫਸਲ ਦੇ ਕੈਂਪ ਜਾਂ ਕਿਸੇ ਤਰ੍ਹਾਂ ਦੀ ਐਡਵਾਇਜ਼ਰੀ ਜਾਰੀ ਨਹੀਂ ਹੁੰਦੀ ।

# ਗਰੀਬ ਕਿਸਾਨਾਂ ਨੂੰ ਕਰਜ਼ੇ ਦੇ ਮੱਕੜ ਜਾਲ ਤੋਂ ਛੁਟਕਾਰਾ ਕਿਵੇਂ ਮਿਲੇ?

ਡਾ. ਡੀ. ਡੀ. ਨਾਰੰਗ, ਸਾਬਕਾ ਕੀਟ ਵਿਗਿਆਨੀ, ਖੇਤੀ ਮਾਹਿਰ (ਪੌਦ ਸੁਰੱਖਿਆ),
ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ (94647-20231)

**ਛੋਟਾ ਕਿਸਾਨ ਆਪਣੇ ਟੱਬਰ ਦਾ ਢਿੱਡ ਪਾਲਣ ਲਈ ਬਹੁਤ ਮਜ਼ਬੂਰ ਹੋ ਜਾਂਦਾ ਹੈ। ਜੇ ਭੁੱਲ ਕੇ ਬੈਂਕਾਂ ਤੋਂ ਲੋਨ ਜਾਂ ਆਮ ਸਹੂਲਤਾਂ ਮਿਲਦੀਆਂ ਹਨ ਉਹ ਤਾਂ ਵੱਡੇ ਕਿਸਾਨ ਡਕਾਰ ਜਾਂਦੇ ਹਨ ਅਤੇ ਛੋਟੇ ਕਿਸਾਨ ਮਾਨਸਿਕ ਰੋਗੀ ਹੋ ਕੇ ਖੁਦਕੁਸ਼ੀਆਂ ਲਈ ਤਿਆਰ ਹੋ ਜਾਂਦੇ ਹਨ।**

ਛੋਟੇ ਕਿਸਾਨਾਂ ਦੀ ਬਹੁਤ ਮਾੜੀ ਹਾਲਤ ਹੈ। ਖਾਸ ਤੌਰ 'ਤੇ ਉੱਤਰ ਭਾਰਤ ਦੇ ਸੂਬਿਆਂ ਵਿਚ ਨਿੱਤ ਖੁਦਕੁਸ਼ੀਆਂ ਦੀਆਂ ਖਬਰਾਂ ਲੱਗਦੀਆਂ ਹਨ ਤਾਂ ਸਾਨੂੰ ਬਹੁਤ ਦੁੱਖ ਹੁੰਦਾ ਹੈ ਕਿ ਹਰੇ ਇਨਕਲਾਬ, ਚਿੱਟੇ ਇਨਕਲਾਬ, ਪੀਲੇ ਇਨਕਲਾਬ ਜਾਂ ਨੀਲੇ ਇਨਕਲਾਬ ਦੇ ਜੋ ਕਿਸਾਨਾਂ ਨੂੰ



ਸੁਪਨੇ ਵਿਖਾਏ ਗਏ ਸਨ ਕੀ ਉਹ ਸਾਰੇ ਝੂਠੇ ਹਨ। ਕ੍ਰਿਸ਼ੀ ਵਿਵਸਥਾ ਇਸ ਖੁਦਕੁਸ਼ੀ ਦੀ ਮਹਾਂਮਾਰੀ ਦਾ ਕੋਈ ਹੱਲ ਜ਼ਮੀਨੀ ਪੱਧਰ ਦੇ ਨਜ਼ਰ ਨਹੀਂ ਆਉਂਦਾ ਹੈ। ਸਾਡਾ ਸਮਾਜਿਕ ਭਾਈਚਾਰਾ ਦਿਨੋ ਦਿਨ ਟੁੱਟਦਾ ਜਾਪਦਾ ਹੈ। ਪਰਿਵਾਰਾਂ ਦੀ ਸਾਂਝ ਟੁੱਟਦੀ ਜਾ ਰਹੀ ਹੈ। ਰਾਜਨੀਤਿਕ ਪਾਰਟੀਆਂ ਨੂੰ ਆਪਣੀਆਂ ਕੁਰਸੀਆਂ ਤੇ ਨਜ਼ਰ ਰਹਿੰਦੀ ਹੈ। ਸਾਫ ਸੁਥਰੀ ਸੋਚ ਵਾਲੇ ਬੰਦਿਆਂ ਦੀ ਘਾਟ ਉੱਤਰੀ ਭਾਰਤ ਵਿਚ ਵਿਖਾਈ ਦੇ ਰਹੀ ਹੈ। ਸਰਕਾਰ ਵਲੋਂ ਦਿੱਤੀਆਂ ਸਹੂਲਤਾਂ, ਜਿਵੇਂ ਕਿ ਬਿਜਲੀ ਮੁਫਤ, ਪਾਣੀ ਮੁਫਤ, ਸਬਸਿਡੀਆਂ ਖਾਦਾਂ, ਦਵਾਈਆਂ ਅਤੇ ਬੀਜਾਂ, ਵੱਡੀਆਂ ਮਸ਼ੀਨਾਂ ਤੇ ਦਿਤੇ ਜਾਣ ਵਾਲਾ ਜ਼ਿਆਦਾ ਫਾਇਦਾ ਵੱਡੇ ਕਿਸਾਨ ਲੈ ਰਹੇ ਹਨ ਪਰ ਛੋਟੇ ਕਿਸਾਨਾਂ ਨੂੰ ਉਪਰੋਕਤ ਸਹੂਲਤਾਂ ਤੋਂ ਵਾਂਝਿਆ ਰੱਖਿਆ ਜਾ ਰਿਹਾ ਹੈ। ਇਕ ਵੱਡੀ ਗੱਲ ਇਹ ਵੀ ਹੈ, ਜਿਹੜੇ ਕਿਸਾਨ ਵਟਾਈ ਤੇ ਜ਼ਮੀਨਾਂ (ਵੱਡੇ ਕਿਸਾਨਾਂ ਦੀਆਂ) ਲੈਂਦੇ ਹਨ, ਉਨ੍ਹਾਂ ਕੋਲੋਂ ਪ੍ਰਤੀ ਕਿੱਲਾ 8000 ਤੋਂ 10,000 ਹਜ਼ਾਰ ਰੁਪਏ ਤੱਕ ਕਿਰਾਇਆ ਲੈਣ ਦਾ ਵਾਅਦਾ ਕੀਤਾ ਜਾਂਦਾ ਹੈ। ਇਸ ਤਰ੍ਹਾਂ ਵੱਡੇ ਕਿਸਾਨ/ਆੜਤੀਆਂ ਨੂੰ ਹਰ ਸਾਲ ਇਹ ਰਕਮ ਚੁਕਾਉਣੀ ਹੀ ਪਵੇਗੀ। ਛੋਟਾ ਕਿਸਾਨ ਆਪਣੇ ਟੱਬਰ ਦਾ ਢਿੱਡ ਪਾਲਣ ਲਈ ਬਹੁਤ ਮਜ਼ਬੂਰ ਹੋ ਜਾਂਦਾ ਹੈ। ਜੇ ਭੁੱਲ ਕੇ ਬੈਂਕਾਂ ਤੋਂ ਲੋਨ ਜਾਂ ਆਮ ਸਹੂਲਤਾਂ ਮਿਲਦੀਆਂ ਹਨ ਉਹ ਤਾਂ ਵੱਡੇ ਕਿਸਾਨ ਡਕਾਰ ਜਾਂਦੇ ਹਨ ਅਤੇ ਛੋਟੇ ਕਿਸਾਨ ਮਾਨਸਿਕ ਰੋਗੀ ਹੋ ਕੇ ਖੁਦਕੁਸ਼ੀਆਂ ਲਈ ਤਿਆਰ ਹੋ ਜਾਂਦੇ ਹਨ।

ਦੂਜਾ ਹੁਣ ਨਵੀਂ ਜਵਾਨੀ (ਮੁੰਡੇ / ਕੁੜੀਆਂ) ਦਾ ਰੁਝਾਨ ਪੰਜਾਬ ਤੋਂ ਬਾਹਰ ਜਾਣ ਦਾ ਹੋ ਗਿਆ ਹੈ ਕਿ ਚਲੋ ਪੜ੍ਹਾਈ ਕਰੋ, ਆਈਲਾਈਟਸ ਪਾਸ ਕਰੋ, ਤੇ ਹੋਰ ਪੜ੍ਹਾਈ ਦੇ ਨਾਂ ਤੇ ਬੈਂਕਾਂ ਤੋਂ ਕਰਜ਼ੇ ਲੈ ਕੇ ਬਾਹਰ ਹਰ ਸਾਲ ਪੰਜਾਬ ਦੇ ਗੱਭਰੂ ਭੱਜ ਰਹੇ ਹਨ। ਕੁੜੀਆਂ ਖਾਸ ਤੌਰ ਤੇ ਪੜ੍ਹੀਆਂ ਲਿਖੀਆਂ ਵੀ ਜਦੋਂ ਆਈਲਾਈਟਸ ਪਾਸ ਕਰ ਲੈਂਦੀਆਂ ਹਨ ਤਾਂ ਉਹ ਹੋਰ ਪੜ੍ਹਾਈ ਲਈ ਕਰਜ਼ੇ ਚੜ੍ਹਵਾ ਕੇ ਕਨੇਡਾ ਅਤੇ ਕਈ ਹੋਰ ਦੇਸ਼ਾਂ ਵਿਚ ਚਲੀਆਂ ਜਾਂਦੀਆਂ ਹਨ। ਨਤੀਜਾ ਇਹ ਹੁੰਦਾ ਹੈ ਕਿ ਛੋਟਾ ਕਿਸਾਨ ਆਪਣੀ ਥੋੜੀ ਜ਼ਮੀਨ ਨੂੰ ਗਹਿਣੇ ਰਖ ਕੇ ਵੇਚ ਦਿੰਦਾ ਹੈ ਤਾਂ ਜਦੋਂ ਉਨ੍ਹਾਂ ਨੂੰ ਪਤਾ ਲੱਗਦਾ ਹੈ ਕਿ ਉਸ ਦੀ ਨੂੰਹ ਨੇ ਇੰਜ ਠੱਗੀ ਕੀਤੀ ਹੈ, ਤਾਂ ਸਾਰਾ ਟੱਬਰ ਭੰਬਲ ਭੂਸੇ ਵਿਚ ਪੈ ਜਾਂਦਾ ਹੈ ਅਤੇ ਫਿਰ ਕੋਰਟ-ਕਚਹਿਰੀਆਂ ਦੇ ਚੱਕਰ ਵਿਚ ਪੈ ਜਾਂਦਾ ਹੈ ਅੰਤ ਵਿਚ ਜੇ ਕੋਈ ਚਾਰਾ ਨਹੀਂ ਰਹਿੰਦਾ ਤਾਂ ਫਿਰ ਖੁਦਕੁਸ਼ੀ ਕਰਨ ਤੇ ਮਜ਼ਬੂਰ ਹੋ ਜਾਂਦਾ ਹੈ। ਇਹੋ ਜਿਹੇ ਹਾਲਾਤਾਂ ਵਿਚ ਕੀ ਕਰਨਾ ਚਾਹੀਦਾ ਹੈ? ਇਸ ਲਈ ਉੱਚ ਕਮੇਟੀ ਬਣਾ ਕੇ ਸਮਾਜਿਕ ਮਾਹਿਰਾਂ ਅਤੇ ਕਾਨੂੰਨੀ ਮਾਹਿਰਾਂ ਵਲੋਂ ਪਾਲਿਸੀ ਬਣਾ ਕੇ, ਰਲ ਮਿਲ ਕੇ ਹੱਲ ਕੱਢਣਾ ਚਾਹੀਦਾ ਹੈ ਤਾਂ ਕਿ ਅਸੀਂ ਖੁਦਕੁਸ਼ੀਆਂ ਦੀ ਗਿਣਤੀ ਨੂੰ ਘਟਾ ਸਕੀਏ। ਇਸ ਮੰਤਵ ਨੂੰ ਮੂਹਰੇ ਰੱਖ ਕੇ ਕੁੱਝ ਸੁਝਾਅ ਹੇਠਾਂ ਲਿਖੇ ਗਏ ਹਨ। ਸ਼ਾਇਦ ਕਿਸਾਨ ਭਰਾਵਾਂ ਦਾ ਕੋਈ ਭਲਾ ਹੋ ਜਾਵੇ।

### 1. ਕਿਸਾਨੀ ਦਾ ਖੇਤੀ ਆਪ ਕਰਨਾ

ਹਰ ਇਕ ਕਿਸਾਨ ਨੂੰ ਆਪਣੀ ਪੈਲੀ ਠੇਕੇ 'ਤੇ ਦੇਣ ਨਾਲੋਂ ਆਪ ਖੇਤੀ ਕਰਨ ਨੂੰ ਤਰਜੀਹ ਦੇਣੀ ਚਾਹੀਦੀ ਹੈ। ਜਿਸ ਨਾਲ ਉਹ ਆਪ ਵੱਧ ਤੋਂ ਵੱਧ ਕੰਮ ਕਰਕੇ ਆਪਣੇ ਪਰਿਵਾਰ ਲਈ ਚੰਗਾ ਮੁਨਾਫਾ ਲੈ ਸਕੇ। ਪਰਿਵਾਰ ਦੇ ਸਾਰੇ ਜੀਆਂ ਨੂੰ ਵੀ ਕਿਸਾਨ ਨਾਲ ਖੇਤੀ ਵਿਚ ਪੂਰਾ ਹੱਥ ਵਟਾਉਣਾ ਚਾਹੀਦਾ ਹੈ। ਕਿਸਾਨ ਦੇ ਪਰਿਵਾਰ ਨੂੰ ਖੇਤੀ ਵਿਚ ਅਜਿਹੀ ਅਣਥੱਕ ਮਿਹਨਤ ਕਰਨੀ ਚਾਹੀਦੀ ਹੈ, ਜਿਸ ਨਾਲ ਉਸ ਦੇ ਘਰ ਅਨਾਜ ਦਾ ਢੇਰ ਲੱਗ ਜਾਵੇ। ਉਸ ਨੂੰ ਖੇਤੀ ਮਸ਼ੀਨਰੀ ਲਈ ਪਿੰਡ ਦੀ ਸੁਸਾਇਟੀ 'ਚੋਂ ਕਿਰਾਏ 'ਤੇ ਲੈ ਕੇ ਪੈਲੀ ਵਾਹ ਲੈਣੀ ਚਾਹੀਦੀ ਹੈ।

### 2. ਕਣਕ ਤੋਂ ਬਾਅਦ ਪੈਲੀ ਵਿਹਲੀ ਨਾ ਛੱਡਣਾ

ਕਣਕ ਦੀ ਵਾਢੀ ਤੋਂ ਬਾਅਦ ਬਹੁਤ ਕਿਸਾਨ ਆਪਣੀਆਂ ਜ਼ਮੀਨਾਂ ਖਾਲੀ ਛੱਡ ਦਿੰਦੇ ਹਨ। ਜੋ ਕਿ ਪੂਰੇ ਦੋ ਮਹੀਨੇ ਦਾ ਵਕਤ ਹੁੰਦਾ ਹੈ। ਉਸ ਨੂੰ ਕਿਵੇਂ ਨਾ ਕਿਵੇਂ ਅਜਿਹੇ ਸਮੇਂ 'ਚ ਮੂੰਗੀ, ਮੱਕੀ ਜਾਂ ਸਬਜ਼ੀਆਂ ਦੀ ਕਾਸ਼ਤ ਕਰਨੀ ਚਾਹੀਦੀ ਹੈ। ਜਿਸ ਨਾਲ ਕਿ ਉਹ ਤੀਜੀ ਫਸਲ ਤੋਂ ਵੀ ਚੰਗਾ ਝਾੜ ਪ੍ਰਾਪਤ ਕਰ ਸਕੇ। ਆਪ ਕਿਸਾਨ ਨੂੰ ਆਪਣੀ ਪੈਲੀ ਹਰਗਿਜ਼ ਵਿਹਲੀ ਨਹੀਂ ਛੱਡਣੀ ਚਾਹੀਦੀ।

### 3. ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ 'ਚ ਪੜ੍ਹਾਉਣਾ

ਕਿਸਾਨ ਨੂੰ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿਚ ਪੜ੍ਹਾਉਣ ਨੂੰ ਤਰਜੀਹ ਦੇਣੀ ਚਾਹੀਦੀ ਹੈ। ਜੇਕਰ ਉਸ ਦੇ ਬੱਚੇ ਪੜ੍ਹਨ ਵਾਲੇ ਹੋਏ ਤਾਂ ਇਨ੍ਹਾਂ ਸਕੂਲਾਂ ਵਿੱਚੋਂ ਵੀ ਚੰਗੇ ਨੰਬਰ ਪ੍ਰਾਪਤ ਕਰ ਸਕਦੇ ਹਨ। ਕਿਉਂਕਿ ਹੁਣ ਰੀਸੋ-ਰੀਸ ਅੰਗ੍ਰੇਜ਼ੀ ਸਕੂਲਾਂ ਵਿਚ ਬੱਚੇ ਪੜ੍ਹਾਉਣ ਦੀ ਲਾਲਸਾ ਬਹੁਤ ਵੱਧ ਗਈ ਹੈ। ਜਿੱਥੇ ਉਹ ਆਪਣੇ ਬੱਚਿਆਂ ਦਾ ਸਾਲਾਨਾ 40,000/- ਰੁਪਏ ਤੱਕ ਦਾ ਖਰਚਾ ਚੁੱਕਦਾ ਹੈ। ਇਹ ਅੰਗ੍ਰੇਜ਼ੀ ਸਕੂਲ ਹੀ ਉਸ ਦੀ ਕੀਤੀ ਕਮਾਈ ਖਿੱਚ ਕੇ ਲੈ ਜਾਂਦੇ ਹਨ। ਇੱਥੇ ਕਿਸਾਨ ਪੂਰੀ ਤਰ੍ਹਾਂ ਕੱਸ ਜਾਂਦਾ ਹੈ। ਜਿੰਨੇ ਪੈਸਿਆਂ ਵਿਚ ਹੁਣ ਨਰਸਰੀ ਦੀ ਜਮਾਤ ਹੁੰਦੀ ਹੈ। ਉਨੇ ਵਿਚ ਬੀ. ਏ., ਬੀ. ਐੱਸ. ਸੀ. ਦੀ ਜਮਾਤ ਇਕ ਸਾਲ ਦੀ ਪਾਸ ਹੋ ਜਾਂਦੀ ਹੈ। ਬਾਕੀ ਤੁਸੀਂ ਦੇਖ ਲਉ ਵੀਰਿ ਬੀ. ਏ., ਬੀ. ਐੱਸ. ਸੀ. 'ਚ ਕਿਹੜੀ ਪੜ੍ਹਾਈ ਹੈ? ਤੇ ਨਰਸਰੀ ਦੀ ਜਮਾਤ 'ਚ ਕਿਹੜੀ ਹੈ? ਇਹ ਅੰਗ੍ਰੇਜ਼ੀ ਸਕੂਲਾਂ ਵਾਲੇ ਕਿਸਾਨ ਨੂੰ ਮਹੀਨਾਵਾਰ ਮੀਟਿੰਗਾਂ ਤੇ ਡਾਇਰੀ 'ਤੇ ਦਸਤਖਤ ਕਰਕੇ ਭੇਜੋ ਆਦਿ ਗੱਲਾਂ ਵਿਚ ਹੀ ਉਲਝਾਈ ਰੱਖਦੇ ਹਨ। ਇੱਥੇ ਇੱਕ ਤਾਂ ਪੜ੍ਹਾਈ ਦਾ ਖਰਚਾ, ਦੂਜਾ ਹਫਤੇ ਤੇ ਲੱਗੀ ਤਿੰਨ ਰੰਗਾਂ ਦੀ ਵਰਦੀ ਨੂੰ ਧੋਣ ਦਾ, ਪ੍ਰੈਸ ਕਰਨ ਦਾ, ਖਰੀਦਣ ਦਾ ਖਰਚਾ, ਤੀਜਾ ਗੱਲ-ਗੱਲ ਤੇ ਬੱਚਿਆਂ ਨੂੰ ਜੁਰਮਾਨਾ ਲਗਾਉਣਾ। ਇਨ੍ਹਾਂ ਸਕੂਲਾਂ ਵਿਚ ਬੱਚੇ ਨੂੰ ਮਾਮੂਲੀ ਡਾਂਟ ਨਹੀਂ ਦਿੱਤੀ ਜਾਂਦੀ। ਬਸ ਗੱਲ-ਗੱਲ ਤੇ ਜੁਰਮਾਨਾ ਲਗਾਇਆ ਜਾਂਦਾ ਹੈ। ਇਹ ਇਕ ਅੰਗ੍ਰੇਜ਼ੀ ਸਕੂਲ ਦਾ ਖਰਚਾ ਹੈ। ਸਰਕਾਰ ਨੂੰ ਵੀ ਚਾਹੀਦਾ ਹੈ ਕਿ ਦਿੱਲੀ ਵਾਂਗ ਸਰਕਾਰੀ ਸਕੂਲਾਂ ਦਾ



ਮਿਆਰ ਉੱਚਾ ਚੁੱਕੇ।

### 5. ਫਜ਼ੂਲ ਖਰਚੀ ਨੂੰ ਰੋਕਣਾ

ਫਜ਼ੂਲ ਖਰਚੀ ਵਿਚ ਘਰ ਦੇ ਘਰੇਲੂ ਖਰਚ ਸਾਰੇ ਆ ਜਾਂਦੇ ਹਨ। ਕਿਸਾਨ ਨੂੰ ਘਰ ਲਈ ਦਾਲ, ਸਬਜ਼ੀ ਵਗੈਰਾ ਬੀਜਣੀ ਚਾਹੀਦੀ ਹੈ। ਸਗੋਂ ਉਹ ਵੱਧ ਤੋਂ ਵੱਧ ਸਬਜ਼ੀਆਂ ਬੀਜ ਕੇ ਪਿੰਡ ਪੱਧਰ 'ਤੇ ਵੀ ਵੇਚ ਸਕਦਾ ਹੈ।

### 6. ਕਰਜ਼ਾ ਚੁੱਕ ਕੇ ਮਸ਼ੀਨਰੀ ਨਾ ਲੈਣਾ

ਕਿਸਾਨ ਨੂੰ ਕਦੇ ਵੀ ਕਰਜ਼ਾ ਚੁੱਕ ਕੇ ਮਸ਼ੀਨਰੀ ਵਗੈਰਾ ਜਲਦਬਾਜ਼ੀ ਵਿਚ




ਨਹੀਂ ਖ੍ਰੀਦਣੀ ਚਾਹੀਦੀ। ਉਸ ਨੂੰ ਉਨਾ ਸਮਾਂ ਸੁਸਾਇਟੀ ਵਿਚੋਂ ਕਿਰਾਏ 'ਤੇ ਸੰਦ ਪਾ ਕੇ ਆਪਣਾ ਬੁੱਤਾ ਸਾਰਨਾ ਚਾਹੀਦਾ ਹੈ। ਨਾ ਹੀ ਉਸ ਨੂੰ ਕਦੇ ਘਰ ਪਾਉਣ ਲਈ ਕਰਜ਼ਾ ਚੁੱਕਣਾ ਚਾਹੀਦਾ ਹੈ। ਹਾਂ, ਜੇਕਰ ਉਸ ਕੋਲ ਥੋੜ੍ਹੇ ਲੋੜੀਂਦੇ ਪੈਸੇ ਹਨ ਤਾਂ ਉਹ ਥੋੜ੍ਹਾ-ਥੋੜ੍ਹਾ ਕਰਕੇ ਆਪਣੇ ਸਹਾਇਕ ਧੰਦੇ ਅਤੇ ਹੋਰ ਕੰਮ ਸ਼ੁਰੂ ਕਰ ਸਕਦਾ ਹੈ।

### 7. ਧਨੀ ਲੋਕਾਂ ਦੁਆਰਾ ਆਮ ਕਿਸਾਨ ਨੂੰ ਪੈਲੀ ਠੇਕੇ 'ਤੇ ਦੇਣਾ

ਆਮ ਦੇਖਣ ਵਿਚ ਆਉਂਦਾ ਹੈ ਕਿ ਧਨੀ ਲੋਕ ਜਿਨ੍ਹਾਂ ਵਿਚ ਵਿਦੇਸ਼ੀ ਵਰਗ, ਨੌਕਰੀ ਪੇਸ਼ਾ ਲੋਕ ਆਪਣੀਆਂ ਪੈਲੀਆਂ ਠੇਕੇ ਉੱਪਰ ਦਿੰਦੇ ਹਨ। ਆਪਸੀ ਜਿੱਦ ਬਾਜ਼ੀ ਦਾ ਫਾਇਦਾ ਉਠਾ ਕੇ ਉਹ ਜ਼ਿਆਦਾਤਰ ਉੱਚੇ ਭਾਆਂ 'ਤੇ ਪੈਲੀਆਂ ਕਿਸਾਨਾਂ ਨੂੰ ਦਿੰਦੇ ਹਨ। ਜੇਕਰ ਇਹ ਲੋਕ ਚਾਹੁਣ ਤਾਂ ਆਪ ਕਿਸਾਨ ਦੀ ਡੁੱਬਦੀ ਬੇੜੀ ਨੂੰ ਪਾਰ ਲਾਉਣ ਲਈ ਆਪਣੀ ਪੈਲੀ ਵਾਹੁਣ ਲਈ ਵਾਜਬ ਭਾਅ ਤੇ ਦੇ ਸਕਦੇ ਹਨ। ਜਿੱਥੇ ਉਹ ਚੱਲ ਰਹੇ ਠੇਕੇ ਦੀ ਰਕਮ ਤੋਂ ਦੋ-ਚਾਰ ਹਜ਼ਾਰ ਘੱਟ ਭਾਅ ਵੀ ਲੈ ਸਕਦੇ ਹਨ। ਕਿਉਂਕਿ ਧਨੀ ਲੋਕਾਂ ਨੂੰ ਥੋੜ੍ਹੇ ਘੱਟ ਭਾਆਂ ਨਾਲ ਕੋਈ ਫਰਕ ਨਹੀਂ ਪੈਣਾ। ਆਪ ਕਿਸਾਨ ਵੀ ਆਪਣੇ ਚਾਰ ਪੈਸੇ ਬਚਾ ਸਕਦਾ ਹੈ। ਨਹੀਂ ਇਥੇ ਇਕ ਅਮੀਰ ਦਿਨੋਂ-ਦਿਨ ਅਮੀਰ ਹੋ ਰਿਹਾ ਹੈ ਤੇ ਗਰੀਬ ਦਿਨੋ ਦਿਨ ਗਰੀਬ ਹੋ ਰਿਹਾ ਹੈ।

### 8. ਨਸ਼ਿਆਂ ਤੋਂ ਦੂਰ ਰਹਿਣਾ

ਕਿਸਾਨ-ਵੀਰਾਂ ਨੂੰ ਆਪਣੇ ਪਰਿਵਾਰ ਦੀ ਮਾਲੀ ਹਾਲਤ ਸੁਧਾਰਨ ਲਈ ਨਸ਼ਿਆਂ ਤੋਂ ਹਰ ਵੇਲੇ ਦੂਰ ਰਹਿਣਾ ਚਾਹੀਦਾ ਹੈ। ਉਸ ਨੂੰ ਕਦੇ ਵੀ ਕਿਸੇ ਵੀ ਕਿਸਮ ਦਾ ਨਸ਼ਾ ਆਪਣੀ ਕਮਜ਼ੋਰੀ ਦਾ ਕਾਰਨ ਨਹੀਂ ਬਨਾਉਣਾ ਚਾਹੀਦਾ। ਕਿਸਾਨ ਨੂੰ ਆਪਣੀ ਮਾਨਸਿਕ ਪ੍ਰੇਸ਼ਾਨੀ ਦੂਰ ਕਰਨ ਲਈ ਗੁਰਬਾਣੀ ਦਾ ਆਸਰਾ ਤੱਕਣਾ ਚਾਹੀਦਾ ਹੈ।

### 9. ਖੇਤੀਬਾੜੀ ਨਾਲ ਸਬੰਧਤ ਰਸਾਲੇ ਪੜ੍ਹਨਾ

ਸੋ, ਕਿਸਾਨ-ਵੀਰਾਂ ਨੂੰ ਖੇਤੀ ਨਾਲ ਸਬੰਧਤ ਰਸਾਲੇ ਵਗੈਰਾ ਵੀ ਪੜ੍ਹਨੇ ਚਾਹੀਦੇ ਹਨ। ਸੰਸਥਾਵਾਂ ਦਾ ਵੀ ਫਰਜ਼ ਬਣਦਾ ਹੈ, ਉਹ ਛੋਟੀ ਕਿਰਸਾਨੀ ਦੀ ਬਾਂਹ ਫੜਨ ਤੇ ਉਨ੍ਹਾਂ ਨੂੰ ਸਮੇਂ ਦੇ ਹਾਣੀ ਬਨਾਉਣ ਲਈ ਉਨ੍ਹਾਂ ਦੇ ਘਰ ਪੂਰਾ ਸਸਤਾ ਖੇਤੀ ਸਾਹਿਤ ਭੇਜਣ ਜਿਵੇਂ ਕਿ 'ਉੱਤਮ ਖੇਤੀ'। ਇਹ ਵੀ ਜ਼ਰੂਰ ਦੇਖਣਾ ਹੋਵੇਗਾ ਕਿ ਉਸ ਕਿਸਾਨ ਨੂੰ ਖੇਤੀ ਸਾਹਿਤ ਪੜ੍ਹਨ ਦਾ ਸ਼ੌਕ ਜ਼ਰੂਰ ਹੋਵੇ। ਇੰਝ ਨਾ ਹੋਵੇ ਕਿ ਇਹ ਸਾਹਿਤ ਉਸ ਦੇ ਘਰ ਕੋਰਾ ਹੀ ਪਿਆ ਰਹੇ ਤੇ ਕੋਈ ਉਸ ਨੂੰ ਪੜ੍ਹੇ ਹੀ ਨਾ। ਕਿਉਂਕਿ ਜੇ ਕਿਸਾਨ ਨੂੰ ਸ਼ੌਕ ਨਹੀਂ ਤਾਂ ਉਹ ਕਿਸੇ ਵਲੋਂ ਭੇਜਿਆ, ਸਸਤਾ ਲਗਵਾਇਆ ਸਾਹਿਤ ਵੀ ਨਹੀਂ ਪੜ੍ਹ ਸਕਦਾ।

### 10. ਉੱਚੇ ਤੇ ਸੁੱਚੇ ਆਚਰਨ ਵਾਲਾ ਜੀਵਨ ਬਨਾਉਣਾ

ਕਿਸਾਨਾਂ ਨੂੰ ਆਪਣਾ ਉੱਚੇ ਤੇ ਸੁੱਚੇ ਆਚਰਨ ਵਾਲਾ ਜੀਵਨ ਬਨਾਉਣਾ ਵੀ ਬੇਹੱਦ ਜ਼ਰੂਰੀ ਹੈ। ਜਿਸ ਨਾਲ ਉਹ ਆਪਣੇ ਘਰ ਵਿਚ ਬੱਚਿਆਂ ਸਮੇਤ ਗੁਰਬਾਣੀ ਦਾ ਆਸਰਾ ਤੱਕਣ ਤੇ ਵੱਧ ਤੋਂ ਵੱਧ ਘਰ ਵਿਚ ਗੁਰਮਤਿ ਦੀਆਂ ਗੱਲਾਂ ਕਰਨ। ਬੱਚਿਆਂ ਨੂੰ ਗੁਰਸਿੱਖੀ-ਵਿਰਸੇ ਨਾਲ ਜੋੜਨ। ਕਿਉਂਕਿ ਇਸ ਨਾਲ ਹੀ ਬੱਚੇ ਮਾਤਾ-ਪਿਤਾ, ਅਧਿਆਪਕ, ਰਿਸ਼ਤੇ-ਨਾਤੇ, ਸਾਕ-ਸਬੰਧੀਆਂ ਆਦਿ ਦਾ ਸਤਿਕਾਰ ਕਰਨਾ ਸਿੱਖਦੇ ਹਨ।

### 11. ਖਰਚ-ਆਮਦਨ ਦਾ ਹਿਸਾਬ ਰੱਖਣਾ

ਕਿਸਾਨ ਜੇ ਹਰ ਇੱਕ ਫਸਲ ਤੋਂ ਆਮਦਨ-ਖਰਚ ਦਾ ਹਿਸਾਬ ਰੱਖੇਗਾ ਤਾਂ ਉਹ ਹਰ ਸਾਲ ਵਧੀਆ ਫਸਲੀ ਚੱਕਰ ਅਪਨਾ ਕੇ ਅਤੇ ਵਾਧੂ ਖਰਚਾਂ ਉੱਪਰ ਰੋਕ ਲਾ ਕੇ ਆਮਦਨ ਵਧਾ ਸਕੇਗਾ। ਕਿਸਾਨ ਵੀਰੇ ਆਪਣੀ ਆਮਦਨ-ਖਰਚ ਦਾ ਹਿਸਾਬ ਰੱਖੋ ਤਾਂ ਜੋ ਤੁਹਾਨੂੰ ਪਤਾ ਲੱਗੇ ਕਿ ਇਸ ਸਾਲ ਵਿਚ ਕਿੰਨੀ ਬੱਚਤ ਹੋਈ।

# ਪੀ.ਏ.ਯੂ. ਕਿਸਾਨ ਮੇਲੇ ਵਿੱਚ 6 ਅਗਾਂਹਵਧੂ ਕਿਸਾਨ ਵੱਖ-ਵੱਖ ਐਵਾਰਡਾਂ ਨਾਲ ਸਨਮਾਨਿਤ

ਜ਼ਿਆਦਾ ਤੋਂ ਜ਼ਿਆਦਾ ਜਾਣਕਾਰੀ ਇਕੱਠੀ ਕਰਨ ਲਈ ਜੋਸ਼ੀਲੇ ਕਿਸਾਨਾਂ ਦੀ ਭੀੜ ਵਿਚਾਲੇ ਵਿਗਿਆਨੀਆਂ, ਉੱਦਮੀਆਂ, ਉਭਰਦੇ ਸਟਾਰਟਅਪ, ਆਮ ਲੋਕਾਂ ਦੇ ਜ਼ਰੀਏ ਬਣੇ ਸਕਾਰਾਤਮਕ ਮਾਹੌਲ ਵਿੱਚ ਦੋ ਰੋਜ਼ਾ ਕਿਸਾਨ ਮੇਲਾ ਪਿਛਲੇ ਦਿਨੀਂ ਸੰਪੰਨ ਹੋਇਆ। ਇਸ ਵਿੱਚ ਪਹਿਲੇ ਦਿਨ 6 ਕਿਸਾਨਾਂ ਨੂੰ ਵੱਖ-ਵੱਖ ਐਵਾਰਡਾਂ ਨਾਲ ਸਨਮਾਨਿਤ ਕੀਤਾ ਗਿਆ। ਇਨ੍ਹਾਂ ਵਿੱਚੋਂ ਹੁਸ਼ਿਆਰਪੁਰ ਦੇ 2, ਸੰਗਰੂਰ, ਸ੍ਰੀ ਮੁਕਤਸਰ ਸਾਹਿਬ, ਲੁਧਿਆਣਾ ਅਤੇ ਪਟਿਆਲਾ ਦੇ 1-1 ਉੱਨਤਸ਼ੀਲ ਕਿਸਾਨ ਸ਼ਾਮਿਲ ਹਨ। ਇਨ੍ਹਾਂ ਨੇ ਦੂਜੇ ਹਜ਼ਾਰਾਂ-ਲੱਖਾਂ ਕਿਸਾਨਾਂ ਲਈ ਸਕਾਰਾਤਮਕ ਸੰਦੇਸ਼ ਦਿੱਤਾ ਕਿ ਖੇਤੀਬਾੜੀ ਦੇ ਨਵੇਂ-ਨਵੇਂ ਤਰੀਕੇ ਅਪਨਾਉਣੇ ਹੋਣਗੇ ਅਤੇ ਪਰੰਪਰਾਵਾਂ ਤੋੜਨੀਆਂ ਹੋਣਗੀਆਂ। ਖੇਤੀਬਾੜੀ ਵਿੱਚ ਤਾਂ ਹੀ ਪ੍ਰਗਤੀਸ਼ੀਲਤਾ ਆਵੇਗੀ।



### ਕਰਨੈਲ ਸਿੰਘ : ਜੈਵਿਕ ਸਬਜ਼ੀ ਉਤਪਾਦਨ ਪ੍ਰਤੀ ਦਿਖਾਇਆ ਸਮਰਪਣ

ਛੋਟੀ ਖੇਤੀ ਕਰਨ ਵਾਲੇ ਕਿਸਾਨ ਕਰਨੈਲ ਸਿੰਘ ਪਿੰਡ ਬੱਸੀ ਗੁਲਾਮ ਹੁਸੈਨ (ਜ਼ਿਲ੍ਹਾ ਹੁਸ਼ਿਆਰਪੁਰ) ਦੇ ਨਿਵਾਸੀ ਹਨ। ਉਹ ਗੁਰਮੀਤ ਸਿੰਘ ਦੇ ਪੁੱਤਰ ਹਨ। ਉਨ੍ਹਾਂ ਨੂੰ ਸਬਜ਼ੀਆਂ ਦੀ ਜੈਵਿਕ ਖੇਤੀ ਕਰਨ ਪ੍ਰਤੀ ਆਪਣਾ ਵਧੇਰੇ ਸਮਰਪਣ ਦਿਖਾਉਣ ਲਈ ਸਰਦਾਰ ਸੁਰਜੀਤ ਸਿੰਘ ਢਿੱਲੋਂ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਉਨ੍ਹਾਂ ਨੇ ਮਿੱਟੀ ਦੀ ਸਿਹਤ ਦੇ ਰੱਖ-ਰਖਾਅ ਲਈ ਵਰਮੀ-ਕੰਪੋਸਟ ਅਤੇ ਨਦੀਨ ਪ੍ਰਬੰਧਨ ਨੂੰ ਮਲਚਿੰਗ ਤਕਨੀਕ ਦੀ ਵਰਤੋਂ ਨਾਲ ਰਹਿੰਦ-ਖੂੰਹਦ ਮੁਕਤ ਸਬਜ਼ੀ ਉਤਪਾਦਨ ਦੀ ਦਿਸ਼ਾ ਵਿੱਚ ਵਧੀਆ ਯੋਗਦਾਨ ਦਿੱਤਾ। ਪੀ. ਏ. ਯੂ. ਕਿਸਾਨ ਕਲੱਬ ਅਤੇ ਆਰਗੈਨਿਕ ਫਾਰਮਰਜ਼ ਕਲੱਬ ਦੇ ਮੈਂਬਰ ਕਰਨੈਲ ਸਿੰਘ ਸਮੇਂ 'ਤੇ ਤਕਨੀਕੀ ਮਾਰਗ-ਦਰਸ਼ਨ, ਆਤਮਾ ਕਿਸਾਨ ਹੱਟ ਅਤੇ ਸੇਫ ਫੂਡ ਮੰਡੀ ਦੇ ਜ਼ਰੀਏ ਸਵੈ-ਮੰਡੀਕਰਨ ਪ੍ਰਥਾਵਾਂ ਲਈ ਹਮੇਸ਼ਾਂ ਕ੍ਰਿਸ਼ੀ ਵਿਗਿਆਨ ਕੇਂਦਰ (ਕੇ. ਵੀ. ਕੇ.), ਹੁਸ਼ਿਆਰਪੁਰ ਦੇ ਸੰਪਰਕ ਵਿੱਚ ਰਹਿੰਦੇ ਹਨ।

### ਗੁਰਪ੍ਰੀਤ ਸਿੰਘ : ਸਬਜ਼ੀਆਂ ਦੇ ਜ਼ਰੀਏ ਫ਼ਸਲੀ ਵਿਭਿੰਨਤਾ

ਪਿੰਡ ਥਰਾਜਵਾਲਾ (ਸ੍ਰੀ ਮੁਕਤਸਰ ਸਾਹਿਬ) ਦੇ ਇੱਕ ਛੋਟੇ ਕਿਸਾਨ ਗੁਰਪ੍ਰੀਤ ਸਿੰਘ ਨੂੰ ਸਬਜ਼ੀਆਂ ਦੀ ਖੇਤੀ ਦੇ ਜ਼ਰੀਏ ਫ਼ਸਲੀ ਵਿਭਿੰਨਤਾ ਵਿੱਚ ਉੱਨਤੀ ਪ੍ਰਾਪਤ ਕਰਨ ਲਈ ਸਰਦਾਰ ਸੁਰਜੀਤ ਸਿੰਘ ਢਿੱਲੋਂ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਉਹ ਕੁਲਵਿੰਦਰ ਸਿੰਘ ਦੇ ਪੁੱਤਰ ਹਨ। ਇੱਕ ਬਹੁਤ ਹੀ ਸਮਝਦਾਰ ਸਬਜ਼ੀ ਉਤਪਾਦਕ ਗੁਰਪ੍ਰੀਤ ਸਿੰਘ ਪੀ. ਏ. ਯੂ. ਦੀ ਵਿਗਿਆਨਕ ਮਾਹਿਰਾਂ ਦੀ ਰਹਿਨੁਮਾਈ ਹੇਠ ਸਿਹਤਮੰਦ ਨਰਸਰੀ ਉਤਪਾਦਨ, ਸਪਰਿੰਕਲਰ ਸਿੰਚਾਈ ਅਤੇ ਜ਼ਮੀਨੀ ਜਲ ਪਾਈਪ ਦੀ ਵਰਤੋਂ ਨਾਲ ਜਲ ਸੰਭਾਲ ਅਤੇ ਹਰੀ ਖਾਦ ਦੀ ਵਰਤੋਂ ਨਾਲ ਮਿੱਟੀ ਦੀ ਸਿਹਤ ਸੰਭਾਲ ਵਿੱਚ ਲੱਗੇ ਹੋਏ ਹਨ। ਉਹ ਕੇ. ਵੀ. ਕੇ., ਸ੍ਰੀ ਮੁਕਤਸਰ ਸਾਹਿਬ ਅਤੇ ਬਠਿੰਡਾ ਦੇ ਖੇਤੀ-ਮਾਹਿਰਾਂ ਦੇ ਨਾਲ-ਨਾਲ ਫਾਰਮ ਸਲਾਹਕਾਰ ਸੇਵਾ ਕੇਂਦਰ, ਬਠਿੰਡਾ ਤੋਂ ਸਹਾਇਤਾ ਲੈ ਕੇ ਆਪਣਾ ਗਿਆਨ ਵਧਾਉਂਦੇ ਰਹਿੰਦੇ ਹਨ।

### ਬਾਲ ਕ੍ਰਿਸ਼ਨ : 2013 ਤੋਂ ਪਰਾਲੀ ਨੂੰ ਨਹੀਂ ਲਗਾਈ ਅੱਗ

50 ਸਾਲਾ ਪ੍ਰਗਤੀਸ਼ੀਲ ਕਿਸਾਨ ਬਾਲ ਕ੍ਰਿਸ਼ਨ ਸੰਗਰੂਰ ਜ਼ਿਲ੍ਹੇ ਦੇ ਭੁਲਾਨ ਪਿੰਡ ਦੇ ਨਿਵਾਸੀ ਹਨ। ਉਹ ਜਿਲੇ ਸਿੰਘ ਦੇ ਬੇਟੇ ਹਨ। ਉਨ੍ਹਾਂ 30 ਸਾਲਾਂ ਦੇ ਲੰਬੇ ਸਮੇਂ ਦੌਰਾਨ ਖੇਤੀ ਵਿੱਚ ਉੱਚਾਈਆਂ ਛੂਹਣ ਲਈ ਸਰਦਾਰ ਦਲੀਪ ਸਿੰਘ ਧਾਲੀਵਾਲ ਮੈਮੋਰੀਅਲ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਆਪਣੀ 22 ਏਕੜ ਪੁਸ਼ਤੈਨੀ ਜ਼ਮੀਨ ਅਤੇ 30 ਏਕੜ ਪੱਟੇ 'ਤੇ ਲੈ ਕੇ ਖੇਤੀ ਕਰਦੇ ਹੋਏ ਉਨ੍ਹਾਂ ਨੇ 2013 ਤੋਂ ਕਦੇ ਵੀ ਪਰਾਲੀ ਨੂੰ ਅੱਗ ਨਹੀਂ ਲਗਾਈ। ਉਹ ਪਰਾਲੀ ਨੂੰ ਸਾੜੇ ਬਿਨਾਂ ਕਣਕ ਉਗਾਉਂਦੇ ਹਨ। ਇਸ ਤੋਂ ਇਲਾਵਾ ਉਹ ਘਰੇਲੂ ਖਪਤ ਦੇ ਲਈ ਆਪਣੇ ਕਿਚਨ ਗਾਰਡਨ ਵਿੱਚ ਬਾਸਮਤੀ, ਹਰਾ ਚਾਰਾ, ਬਾਜਰਾ ਅਤੇ ਜਵਾਰ ਉਗਾਉਂਦੇ ਹਨ। ਉਨ੍ਹਾਂ ਨੇ ਮਸ਼ਰੂਮ ਦੀ ਖੇਤੀ, ਸ਼ਹਿਦ-ਮੱਖੀ ਪਾਲਣ, ਮੁਰਗੀ ਪਾਲਣ, ਖੇਤੀ ਪ੍ਰੋਸੈਸਿੰਗ, ਦੇਸੀ ਘਿਉ ਅਤੇ ਸਰ੍ਹੋਂ ਤੇਲ ਨਿਕਾਲ ਕੇ ਆਪਣੀ ਆਮਦਨ ਦੁੱਗਣੀ ਕਰ ਲਈ ਹੈ।

### ਮੋਹਨਦੀਪ ਸਿੰਘ : ਉਗਾਉਂਦੇ ਹਨ ਰੰਗ-ਬਿਰੰਗੀਆਂ ਸਬਜ਼ੀਆਂ

ਪਿੰਡ ਹਿਯਾਤਪੁਰਾ (ਤਹਿਸੀਲ ਸਮਰਾਲਾ, ਜ਼ਿਲ੍ਹਾ ਲੁਧਿਆਣਾ) ਦੇ ਕਿਸਾਨ ਮੋਹਨਦੀਪ ਸਿੰਘ ਪੁੱਤਰ ਬਲਵਿੰਦਰ ਸਿੰਘ ਨੂੰ 12 ਸਾਲਾਂ ਦੇ ਦੌਰਾਨ 25-35 ਏਕੜ ਵਿੱਚ ਸਬਜ਼ੀ ਉਤਪਾਦਨ ਪ੍ਰਤੀ ਅਟੁੱਟ ਭਰੋਸੇ ਦਾ ਪ੍ਰਦਰਸ਼ਨ ਕਰਨ ਲਈ ਸਰਦਾਰ ਉਜਾਗਰ ਸਿੰਘ ਧਾਲੀਵਾਲ ਮੈਮੋਰੀਅਲ ਐਵਾਰਡ ਨਾਲ ਸਨਮਾਨਿਤ ਕੀਤਾ। ਉਹ ਵੱਖ-ਵੱਖ ਰੰਗਾਂ ਦੀ ਗਾਜਰ ਬੀਜਦੇ ਹਨ। ਉਹ 26 ਏਕੜ ਵਿੱਚ ਲਾਲ, 2 ਏਕੜ ਵਿੱਚ ਪੀਲੀ, 20 ਏਕੜ ਵਿੱਚ ਨਾਰੰਗੀ, 1 ਏਕੜ ਵਿੱਚ ਸਫੈਦ ਅਤੇ 8 ਏਕੜ ਵਿੱਚ ਕਾਲੀ ਗਾਜਰ ਉਗਾਉਂਦੇ ਹਨ। ਉਹ 10 ਏਕੜ ਵਿੱਚ ਸਫੇਦ ਅਤੇ 1 ਏਕੜ ਵਿੱਚ ਲਾਲ ਮੂਲੀ ਉਗਾਉਂਦੇ ਹਨ। ਇਸ ਤੋਂ ਇਲਾਵਾ ਉਹ 14 ਏਕੜ ਵਿੱਚ ਫ੍ਰੈਂਚਬੀਨਸ, 10 ਏਕੜ ਵਿੱਚ ਮਿਰਚ, 15 ਏਕੜ ਵਿੱਚ ਕੱਦੂ ਅਤੇ 8 ਏਕੜ ਵਿੱਚ ਫੁੱਲ ਗੋਭੀ ਉਗਾਉਂਦੇ ਹਨ। ਇੱਕ ਸਫਲ ਸਬਜ਼ੀ ਬੀਜ ਉਤਪਾਦਨ ਮੋਹਨਦੀਪ ਪੀ. ਏ. ਯੂ., ਲੁਧਿਆਣਾ ਅਤੇ ਦਿੱਲੀ, ਹਰਿਆਣਾ ਅਤੇ ਉੱਤਰ ਪ੍ਰਦੇਸ਼ ਸਥਿਤ ਸੰਸਥਾਨਾਂ ਦੀਆਂ ਸਿਫਾਰਿਸ਼ਾਂ ਦੀ ਪਾਲਣਾ ਕਰਦੇ ਹਨ। ਉਹ 200 ਵੱਖ-ਵੱਖ ਖੇਤਰਾਂ ਦੇ ਕਿਸਾਨਾਂ ਨੂੰ ਸਬਜ਼ੀਆਂ ਦੇ ਬੀਜ ਉਪਲੱਬਧ ਕਰਵਾਉਂਦੇ ਹਨ।

### ਕੁਲਵਿੰਦਰ ਕੌਰ : ਕਈ ਉੱਦਮਾਂ ਤੋਂ ਆਉਂਦੀ ਹੈ ਆਮਦਨ

11 ਏਕੜ ਪੁਸ਼ਤੈਨੀ ਜ਼ਮੀਨ ਰੱਖਣ ਵਾਲੀ 10ਵੀਂ ਪਾਸ ਕੁਲਵਿੰਦਰ ਕੌਰ ਪਟਿਆਲਾ ਜ਼ਿਲ੍ਹੇ ਦੇ ਪਿੰਡ ਕਾਠ ਮਠੀ ਦੇ ਹਰਦੀਪ ਸਿੰਘ ਦੀ ਪਤਨੀ ਹੈ। ਇੱਕ ਉੱਨਤਸ਼ੀਲ ਉੱਦਮੀ ਹੋਣ ਦੇ ਲਈ ਉਨ੍ਹਾਂ ਨੂੰ ਸਰਦਾਰਨੀ ਜਗਬੀਰ ਕੌਰ ਗਰੇਵਾਲ ਮੈਮੋਰੀਅਲ ਐਵਾਰਡ ਪ੍ਰਦਾਨ ਕੀਤਾ ਗਿਆ। ਉਨ੍ਹਾਂ ਨੇ ਕੇ. ਵੀ. ਕੇ., ਪਟਿਆਲਾ ਤੋਂ ਦੁੱਧ ਉਤਪਾਦਨ, ਫੁਲਕਾਰੀ ਕਢਾਈ, ਟਾਈ ਅਤੇ ਡਾਈ ਵਿੱਚ ਸਿਖਲਾਈ ਪ੍ਰਾਪਤ ਕੀਤੀ ਹੈ। ਉਹ ਪਿੰਡ ਵਾਸੀਆਂ ਨੂੰ ਦੁੱਧ ਦੀ ਸਪਲਾਈ ਦੇ ਮਾਮਲੇ ਵਿੱਚ ਡੇਅਰੀ ਫਾਰਮਿੰਗ ਰਾਹੀਂ ਆਪਣੇ ਪਰਿਵਾਰ ਦੀ ਆਰਥਿਕ ਵਿਕਾਸ ਵਿੱਚ ਯੋਗਦਾਨ ਦੇ ਰਹੀ ਹੈ। ਇਸ ਤੋਂ ਇਲਾਵਾ ਉਹ ਘੱਟ ਪਾਣੀ ਦੀਆਂ ਖਪਤ ਵਾਲੀਆਂ ਕਿਸਮਾਂ, ਮੂੰਗ ਅਤੇ ਢੈਂਚਾ ਉਗਾਉਂਦੀਆਂ ਹਨ। ਉਹ ਲੇਜ਼ਰ ਲੈਂਡ ਲੈਵਲਰ ਤਕਨੀਕ ਅਪਨਾਉਂਦੀ ਹੈ ਅਤੇ ਇਨਪੁੱਟ ਲਾਗਤ ਘੱਟ ਕਰਨ ਲਈ ਜੈਵਿਕ ਖਾਦ ਦੀ ਵਰਤੋਂ ਕਰਦੀ ਹੈ।

### ਦਵਿੰਦਰ ਸਿੰਘ : ਮੂੰਗਫਲੀ ਦੀ ਖੇਤੀ ਨੂੰ ਬਣਾਇਆ ਮਸ਼ੀਨੀਕਰਨ

ਹੁਸ਼ਿਆਰਪੁਰ ਜ਼ਿਲ੍ਹੇ ਦੇ ਰਾਮ ਤਤਵਾਲੀ ਪਿੰਡ ਦੇ ਨਿਵਾਸੀ ਪ੍ਰੀਤਮ ਸਿੰਘ ਦੇ ਬੇਟੇ ਦਵਿੰਦਰ ਸਿੰਘ ਨੂੰ ਉਨ੍ਹਾਂ ਦੇ 35 ਸਾਲ ਦੇ ਲੰਬੇ ਸਹਿਯੋਗ ਦੌਰਾਨ 26 ਏਕੜ (4 ਏਕੜ ਖ਼ੁਦ ਦੀ ਅਤੇ 22 ਏਕੜ ਪੱਟੇ ਦੀ) ਵਿੱਚ ਵਿਗਿਆਨਕ ਖੇਤੀ ਕਰਨ ਲਈ ਪ੍ਰਵਾਸੀ ਭਾਰਤੀ ਪੁਰਸਕਾਰ ਨਾਲ ਸਨਮਾਨਿਤ ਕੀਤਾ। ਇਨ੍ਹਾਂ ਨੇ ਮੂੰਗਫਲੀ ਦੀ ਖੇਤੀ ਰਾਹੀਂ ਵਿਭਿੰਨਤਾ ਵਿੱਚ ਬਹੁਤ ਵੱਡਾ ਯੋਗਦਾਨ ਦਿੱਤਾ, ਉਨ੍ਹਾਂ ਨੇ ਕਿਸੇ ਵੀ ਤਕਨੀਕ ਦੀ ਪਰਵਾਹ ਨਹੀਂ ਕੀਤੀ ਅਤੇ ਇਨਕਲਾਇੰਡ ਪਲੇਟ ਪਲਾਂਟਰ ਅਤੇ ਥਰੈਸ਼ਰ ਨੂੰ ਅਪਣਾ ਕੇ ਇਸ ਨੂੰ ਮਸ਼ੀਨੀਕਰਨ ਕੀਤਾ। ਉੱਨਤ ਗਿਆਨ ਤੋਂ ਖੁਸ਼ਹਾਲ ਦਵਿੰਦਰ ਆਪਣੀ ਸਫਲਤਾ ਦਾ ਸਿਹਰਾ ਪੀ. ਏ.ਯੂ., ਸੀਫੇਟ ਲੁਧਿਆਣਾ, ਕੇ. ਵੀ. ਕੇ. ਬਾਹੋਵਾਲ, ਕਿਸਾਨ ਕਲਿਆਣ ਵਿਭਾਗ ਹੁਸ਼ਿਆਰਪੁਰ ਅਤੇ ਮਹਾਰਾਜਾ ਰਣਜੀਤ ਸਿੰਘ ਕੰਡੀ ਸਵੈ-ਸਹਾਇਤਾ ਸਮੂਹ ਨੂੰ ਦਿੰਦੇ ਹਨ। ਆਪਣੀ ਇਨੋਵੇਸ਼ਨ ਲਈ ਕੇਂਦਰ ਸਰਕਾਰ ਤੋਂ ਸਨਮਾਨਿਤ ਦਵਿੰਦਰ ਸਿੰਘ ਕਣਕ, ਝੋਨਾ ਅਤੇ ਸਫੈਦੇ ਦੀ ਖੇਤੀ ਦੇ ਨਾਲ-ਨਾਲ ਡੇਅਰੀ ਫਾਰਮਿੰਗ ਦੇ ਜ਼ਰੀਏ ਵੀ ਕਾਫੀ ਵਧੀਆ ਕਮਾਈ ਕਰਦੇ ਹਨ।






# ਫਲਾਂ ਦੀ ਪ੍ਰੋਸੈਸਿੰਗ ਸਬੰਧੀ ਖਮੀਰੀਕ੍ਰਿਤ ਕਾਰਬੋਨੇਟਿਡ ਪੇਅ ਬਣਾਉਣ ਦੀ ਤਕਨੀਕ - ਇੱਕ ਵਰਦਾਨ

ਰਿਚਾ ਅਰੋੜਾ, ਕੇਸ਼ਾਨੀ ਅਤੇ ਜੀ. ਐੱਸ. ਕੋਚਰ, ਮਾਈਕਰੋਬਾਇਆਲੋਜੀ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ. 89689-34869)

ਪੰਜਾਬ ਸੂਬਾ ਮੁੱਖ ਤੌਰ ਤੇ ਫਲ ਉਤਪਾਦਕ ਸੂਬੇ ਵਜੋਂ ਜਾਣਿਆ ਜਾਂਦਾ ਹੈ। ਇਸ ਸੂਬੇ ਵਿਚ ਕਿੰਨੂ, ਅਮਰੂਦ, ਅੰਬ, ਬੇਰ, ਅੰਗੂਰ, ਲੀਚੀ, ਆੜੂ ਆਦਿ ਫਲ ਬਹੁਤਾਤ ਵਿਚ ਪਾਏ ਜਾਂਦੇ ਹਨ। ਤੁੜਾਈ ਉਪਰੰਤ ਇਹਨਾਂ ਫਲਾਂ ਦੀ ਮੰਡੀ ਵਿਚ ਬਹੁਤਾਤ ਕਾਰਨ ਇਸਦਾ ਵਾਜਬ ਮੁੱਲ ਨਹੀਂ ਮਿਲਦਾ। ਇਸ ਤੋਂ ਇਲਾਵਾ ਫਲਾਂ ਦੇ ਛੇਤੀ ਖਰਾਬ ਹੋਣ ਦੇ ਕਾਰਨ ਇਸ ਦੀ ਤੁੜਾਈ, ਭੰਡਾਰਨ ਅਤੇ ਢੋਆ-ਢੋਆਈ ਸਮੇਂ ਜੀਵਾਣੂੰਆਂ ਵੱਲੋਂ ਵੀ ਚੋਖੀ ਖੇਪ ਖਰਾਬ ਕੀਤੀ ਜਾਂਦੀ ਹੈ। ਇਹਨਾਂ ਜੀਵਾਣੂੰਆਂ ਦੁਆਰਾ ਕਈ ਉੱਲੀਆਂ ਅਤੇ ਜ਼ਹਿਰੀਲੇ ਤੱਤ ਜਿਵੇਂ ਮਾਈਕੋਟੋਕਸਿਨ ਤਿਆਰ ਕੀਤੇ ਜਾਂਦੇ ਹਨ ਜੋ ਕਿ ਮਨੁੱਖੀ ਸਿਹਤ ਲਈ ਬਹੁਤ ਘਾਤਕ ਹੁੰਦੇ ਹਨ ਜਦਕਿ ਖਪਤਕਾਰ ਤਾਜ਼ਾ ਅਤੇ ਜੀਵਾਣੂੰਆਂ ਤੋਂ ਮੁਕਤ ਫਲ, ਸਬਜ਼ੀਆਂ ਖਾਣਾ ਚਾਹੁੰਦਾ ਹੈ ਅਤੇ ਘੱਟ ਤੋਂ ਘੱਟ ਰਸਾਇਣ ਯੁਕਤ ਭੋਜਨ ਪਦਾਰਥ ਪ੍ਰਾਪਤ ਕਰਨਾ ਚਾਹੁੰਦਾ ਹੈ। ਉਪਰੋਕਤ ਲੋੜਾਂ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਮਾਈਕ੍ਰੋਬਾਇਆਲੋਜੀ ਵਿਭਾਗ ਵੱਲੋਂ ਕੁਦਰਤੀ ਰੂਪ ਵਿਚ ਖਮੀਰੀਕ੍ਰਿਤ ਕਾਰਬੋਨੇਟਿਡ ਪੇਅ ਪਦਾਰਥ ਤਿਆਰ ਕਰਨ ਦੀ ਵਿਧੀ ਤਿਆਰ ਕੀਤੀ ਹੈ ਜੋ ਕਿ ਆਰਥਿਕ ਪੱਖੋਂ ਬਹੁਤ ਹੀ ਅਨੁਕੂਲ ਤਕਨਾਲੋਜੀ ਹੈ। ਇਸ ਵਿਧੀ ਨਾਲ ਅਸੀਂ ਫਲਾਂ ਦੀ ਪੌਸ਼ਟਿਕਤਾ ਵੀ ਹਾਸਲ ਕਰ ਸਕਦੇ ਹਾਂ ਅਤੇ ਪ੍ਰੋਸੈਸਿੰਗ ਕਰਕੇ ਚੋਖਾ ਮੁਨਾਫਾ ਵੀ ਕਮਾ ਸਕਦੇ ਹਾਂ।

ਵਿਭਾਗ ਵੱਲੋਂ ਇਹ ਤਕਨਾਲੋਜੀ ਕਿੰਨੂ, ਨਿੰਬੂ, ਸੰਤਰਾ, ਗਰੇਪਫਰੂਟ, ਪਾਈਨੈਪਲ ਅਤੇ ਅਮਰੂਦ ਲਈ ਸਿਫਾਰਸ਼ ਕੀਤੀ ਹੈ। ਇਹਨਾਂ ਤੋਂ ਪ੍ਰਾਪਤ ਪੇਅ ਪਦਾਰਥ ਮਾਰਕੀਟ ਵਿਚ ਹੋਰ ਉਪਲਬਧ ਪੇਅ ਪਦਾਰਥਾਂ ਤੋਂ ਕਈ ਗੁਣਾਂ ਚੰਗੇ ਹਨ। ਇਸ ਵਿਧੀ ਰਾਹੀਂ ਪਤਲੇ ਜੂਸ ਨੂੰ ਖਮੀਰੀਕਰਨ ਰਾਹੀਂ ਘਰ ਦੇ ਤਾਪਮਾਨ ਤੇ ਪ੍ਰੋਸੈਸ ਕੀਤਾ ਜਾਂਦਾ ਹੈ ਅਤੇ ਘੱਟ ਤਾਪਮਾਨ ਵਿਚ ਸਟੋਰ ਕਰ ਲਿਆ ਜਾਂਦਾ ਹੈ। ਇਹਨਾਂ ਪੇਅ ਪਦਾਰਥਾਂ ਨੂੰ ਤਿੰਨ ਮਹੀਨੇ ਤੱਕ ਫਰਿੱਜ ਵਿਚ ਸੰਭਾਲਿਆ ਜਾ ਸਕਦਾ ਹੈ। ਵਿਸ਼ੇਸ਼ ਗੱਲ ਇਹ ਹੈ ਕਿ ਖਮੀਰੀਕਰਨ ਨਾਲ ਤਿਆਰ ਕੀਤੇ ਇਹਨਾਂ ਪੇਅ ਪਦਾਰਥਾਂ ਵਿਚ ਵੱਖ-ਵੱਖ ਸਵਾਦ ਅਨੁਸਾਰ ਜ਼ਾਇਕੇ ਵੀ ਸ਼ਾਮਲ ਕੀਤੇ ਜਾ ਸਕਦੇ ਹਨ।

ਇਸ ਵਿਧੀ ਰਾਹੀਂ ਅਸੀਂ ਪੇਅ ਪਦਾਰਥ ਛੋਟੇ ਅਤੇ ਵਪਾਰਕ ਪੱਧਰ ਤੇ ਵੀ ਤਿਆਰ ਕਰ ਸਕਦੇ ਹਾਂ। ਜੂਸਾਂ ਨੂੰ ਉਬਾਲਣ ਉਪਰੰਤ ਖੰਡ ਇਸ ਵਿਚ ਪਾਈ ਜਾਂਦੀ ਹੈ ਅਤੇ ਇਸਨੂੰ ਰਿਫਰੈਕਟੋਮੀਟਰ ਜਾਂ ਹਾਈਡ੍ਰੋਮੀਟਰ ਨਾਲ ਪਰਖਿਆ ਜਾਂਦਾ ਹੈ। ਇਸ ਉਪਰੰਤ ਪ੍ਰਾਪਤ ਜੂਸ ਨੂੰ ਸ਼ੀਸ਼ੇ ਦੇ ਬਰਤਨਾਂ ਵਿਚ ਪਾਇਆ ਜਾਂਦਾ ਹੈ। ਰਸ ਵਿਚ ਖਮੀਰ (0.5%) ਪਾ ਕੇ 36 ਘੰਟਿਆਂ ਲਈ ਖਮੀਰੀਕਰਨ ਲਈ ਰੱਖ ਦਿੱਤਾ ਜਾਂਦਾ ਹੈ। ਖਮੀਰੀਕਰਨ ਪੇਅ ਨੂੰ ਬਾਹਰ ਕੱਢਿਆ ਜਾਂਦਾ ਹੈ ਅਤੇ ਬੋਤਲਾਂ ਵਿਚ ਭਰ ਦਿੱਤਾ ਜਾਂਦਾ ਹੈ। ਇਸ ਸੰਬੰਧੀ ਵਿਭਾਗ ਵੱਲੋਂ ਯੂਨੀਵਰਸਿਟੀ ਦੇ ਹੁਨਰ ਵਿਕਾਸ ਕੇਂਦਰ ਵਿਚ ਸਿਖਲਾਈ ਵੀ ਦਿੱਤੀ ਜਾਂਦੀ ਹੈ ਅਤੇ ਆਪਣੀਆਂ ਲਘੂ ਇਕਾਈਆਂ ਸਥਾਪਿਤ ਕਰਨ ਲਈ ਇਸ ਤਕਨਾਲੋਜੀ ਨੂੰ ਕੋਈ ਵੀ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੋਂ 40,000 ਰੁਪਏ ਵਿਚ ਲੈ ਕੇ ਆਪਣਾ ਕੰਮ ਵੀ ਆਰੰਭ ਕਰ ਸਕਦਾ ਹੈ।

# ਕਿਸਾਨ ਭਰਾਵਾਂ ਲਈ ਖੇਤੀ ਰੁਝੇਵੇਂ

**ਝੋਨਾ** : ਖੇਤ ਵਿਚ ਲਗਾਤਾਰ ਪਾਣੀ ਖੜ੍ਹਾ ਨਾ ਰੱਖੋ। ਝੋਨੇ ਦੀ ਫਸਲ ਨੂੰ ਪਾਣੀ ਜੀਰਨ ਤੋਂ ਦੋ ਦਿਨ ਬਾਅਦ ਪਾਣੀ ਦੇਣਾ ਚਾਹੀਦਾ ਹੈ ਪਰ ਖੇਤ ਵਿਚ ਤਰੇੜਾਂ ਨਾ ਪੈਣ ਦਿਓ। ਜਿਨ੍ਹਾਂ ਖੇਤਾਂ ਵਿਚ ਤਣੇ ਗੜੂੰਈਆਂ ਕਰਕੇ 5 ਪ੍ਰਤੀਸ਼ਤ ਤੋਂ ਵਧੇਰੇ ਸੁੱਕੀਆਂ ਗੋਭਾਂ ਹੋਣ ਉੱਥੇ 60 ਮਿਲੀਲਿਟਰ ਕੋਰਾਜ਼ਨ 18.5 ਐਸ ਸੀ 20 ਮਿਲੀਲਿਟਰ ਫੇਮ 480 ਐਸ ਸੀ ਜਾਂ 170 ਗ੍ਰਾਮ



ਮੋਰਟਰ 75 ਐਸ ਜੀ ਜਾਂ 80 ਮਿਲੀਲਿਟਰ ਨਿੰਮ ਅਧਾਰਿਤ ਐਕੋਟਿਨ ਜਾਂ 1.0 ਲਿਟਰ, ਕਲੋਰੋਪਾਈਰੀਫਾਸ ਪ੍ਰਤੀ ਏਕੜ ਦਾ ਛਿੜਕਾਅ 100 ਲਿਟਰ ਪਾਣੀ ਵਿਚ ਘੋਲ ਕੇ ਕਰੋ। ਬੂਟਿਆਂ ਦੇ ਟਿੱਡਿਆਂ ਦੇ ਸਰਵੇਖਣ ਲਈ, ਕੁਝ ਬੂਟੇ ਟੇਢੇ ਕਰਕੇ ਹੇਠਾਂ ਤੋਂ 2-3 ਵਾਰੀ ਝਾੜੋ। ਜੇਕਰ ਪ੍ਰਤੀ ਬੂਟਾ 5 ਜਾਂ ਵੱਧ ਟਿੱਡੇ ਪਾਣੀ ਉੱਤੇ ਤਰਦੇ ਨਜ਼ਰ ਆਉਣ ਤਾਂ 94 ਮਿਲੀਲਿਟਰ ਪੈਕਸਾਲੋਨ 10 ਐਸ ਸੀ ਜਾਂ 80 ਗ੍ਰਾਮ ਓਸ਼ੀਨ/ਟੋਕਨ 20 ਐਸ ਜੀ ਨੂੰ ਪ੍ਰਤੀ ਏਕੜ ਦੇ ਹਿਸਾਬ ਨਾਲ 100 ਲਿਟਰ ਪਾਣੀ ਵਿਚ ਘੋਲ ਕੇ ਛਿੜਕੋ।

**ਮੱਕੀ** : ਮੱਕੀ ਦੀ ਫਸਲ ਨੂੰ ਸਮੇਂ ਸਿਰ ਪਾਣੀ ਦਿੰਦੇ ਰਹੋ, ਖਾਸ ਕਰਕੇ ਜਦੋਂ ਮੱਕੀ ਦੇ ਬੂਟੇ ਸੂਤ ਕੱਤਦੇ ਹੋਣ ਤੇ ਬੂਰ ਨਿਕਲਦਾ ਹੋਵੇ। ਇਸ ਸਮੇਂ ਪਾਣੀ ਦੀ ਘਾਟ ਕਾਰਨ ਝਾੜ ਘੱਟ ਜਾਂਦਾ ਹੈ। ਭਾਰੀ ਮੀਂਹ ਪੈਣ ਤੋਂ ਬਾਅਦ ਖੇਤਾਂ ਵਿੱਚੋਂ ਵਾਧੂ ਪਾਣੀ ਨੂੰ ਕੱਢ ਦੇਣਾ ਚਾਹੀਦਾ ਹੈ ਤਾਂ ਜੋ ਫਸਲ ਨੂੰ ਟਾਂਡੇ ਗਲਣ ਦੇ ਰੋਗ ਤੋਂ ਬਚਾਇਆ ਜਾ ਸਕੇ। ਜੇਕਰ ਜ਼ਿਆਦਾ ਪਾਣੀ ਨਾਲ ਮੱਕੀ ਦਾ ਨੁਕਸਾਨ ਹੋ ਜਾਵੇ ਤਾਂ 6 ਕਿਲੋ ਯੂਰੀਆ 200 ਲਿਟਰ ਪਾਣੀ (3 ਪ੍ਰਤੀਸ਼ਤ) ਵਿਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਹਫਤੇ ਦੇ ਫਰਕ ਤੇ 2 ਵਾਰ ਛਿੜਕਾਅ ਕਰੋ। ਜੇਕਰ ਨੁਕਸਾਨ ਦਰਮਿਆਨੇ ਤੋਂ ਭਾਰੀ ਹੋ ਜਾਵੇ ਤਾਂ ਫਸਲ ਵਿੱਚੋਂ ਪਾਣੀ ਕੱਢਣ ਮਗਰੋਂ 25-50 ਕਿਲੋ ਯੂਰੀਆ ਪ੍ਰਤੀ ਏਕੜ ਹੋਰ ਪਾਓ। ਮੱਕੀ ਵਿਚ ਫਾਲ ਆਰਮੀਵਰਮ ਦੀ ਰੋਕਥਾਮ ਲਈ 0.4 ਮਿਲੀਲਿਟਰ ਕੋਰਾਜਨ 18.5 ਐਸ. ਸੀ. ਜਾਂ 0.5 ਮਿਲੀਲਿਟਰ ਡੈਲੀਗੇਟ 11.7 ਮਿਲੀਲਿਟਰ ਐਸ. ਸੀ. ਜਾਂ 0.4 ਗ੍ਰਾਮ ਮਿਜ਼ਾਈਲ 5 ਐਸ. ਜੀ. ਪ੍ਰਤੀ ਲਿਟਰ ਪਾਣੀ 'ਚ ਘੋਲ ਕੇ ਛਿੜਕਾਅ ਕਰੋ। ਕੀੜੇ ਦੀ ਕਾਰਗਰ ਰੋਕਥਾਮ ਲਈ ਛਿੜਕਾਅ ਮੱਕੀ ਦੀ ਗੋਭ ਵੱਲ ਨੂੰ ਕਰੋ। ਫਸਲ 40 ਦਿਨਾਂ ਤੋਂ ਵੱਡੀ ਹੋਵੇ ਤਾਂ ਮਿੱਟੀ ਅਤੇ ਕੀਟਨਾਸ਼ਕ ਦੇ ਮਿਸ਼ਰਣ (ਲਗਭਗ ਅੱਧਾ ਗ੍ਰਾਮ) ਨੂੰ ਹਮਲੇ ਵਾਲੀਆਂ ਗੋਭਾਂ ਵਿਚ ਪਾਓ।

**ਨਰਮਾ** : ਫੁੱਲ ਅਤੇ ਟੀਂਡੇ ਤੇ ਆਈ ਕਪਾਹ ਦੀ ਫਸਲ ਨੂੰ ਪਾਣੀ ਦੀ ਘਾਟ ਨਾ ਆਉਣ ਦਿਓ। ਨਹੀਂ ਤਾਂ ਫੁੱਲ ਅਤੇ ਟੀਂਡੇ ਝੜ ਜਾਣਗੇ ਅਤੇ ਝਾੜ ਵੀ ਬਹੁਤ ਘੱਟ ਜਾਵੇਗਾ। ਟੀਡਿਆਂ ਦੇ ਜਲਦੀ ਖਿੜਨ ਲਈ ਅਖੀਰਲਾ ਪਾਣੀ ਸਤੰਬਰ ਦੇ ਅਖੀਰ ਵਿਚ ਦਿਓ। ਜੇਕਰ ਰਸ ਚੂਸਣ ਵਾਲੇ ਕੀੜਿਆਂ ਦਾ ਹਮਲਾ ਆਰਥਿਕ ਨੁਕਸਾਨ ਕਰਨ ਦੀ ਹੱਦ ਤੱਕ ਪਹੁੰਚਦਾ ਨਜ਼ਰ ਆਵੇ ਤਾਂ ਫਸਲ ਤੇ ਛਿੜਕਾਅ ਕਰੋ। ਇਸ ਲਈ ਬਰਸਾਤ ਦੇ ਮੌਸਮ ਵਿਚ ਨਰਮੇ/ਕਪਾਹ ਦੇ ਖੇਤਾਂ 'ਚੋਂ ਫਾਲਤੂ ਪਾਣੀ ਬਾਹਰ ਕੱਢ



ਦਿਓ। ਕਪਾਹ ਵਿਰਲੀ ਕਰਨ ਵੇਲੇ ਨਾਈਟ੍ਰੋਜਨ ਦੀ ਅੱਧੀ ਖੁਰਾਕ ਪਾਓ ਅਤੇ ਬਾਕੀ ਅੱਧੀ ਨਾਈਟ੍ਰੋਜਨ ਫੁੱਲ ਨਿਕਲਣ ਸਮੇਂ ਪਾਓ। ਟੀਂਡੇ ਦੀਆਂ ਗੁਲਾਬੀ ਸੁੰਡੀਆਂ ਦੀ ਰੋਕਥਾਮ ਲਈ 100 ਗ੍ਰਾਮ ਪ੍ਰੋਕਲੇਮ 5 ਐਸ ਜੀ ਜਾਂ 500 ਮਿਲੀਲਿਟਰ ਕਿਉਰਾਕਰਾਨ/ਕਰੀਨਾ 50 ਈ ਸੀ ਜਾਂ 200 ਮਿਲੀਲਿਟਰ ਅਵਾਂਟ 15 ਐਸ ਸੀ ਨੂੰ 100 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ। ਜੇਕਰ 24 ਘੰਟਿਆਂ ਵਿਚ ਬਾਰਿਸ਼ ਹੋ ਜਾਵੇ ਤਾਂ ਛਿੜਕਾਅ ਦੁਬਾਰਾ ਕਰੋ। ਅੱਧ ਸਤੰਬਰ ਤੋਂ ਬਾਅਦ ਸਿੰਥੈਟਿਕ ਪੈਰਥਰਾਇਡ ਗਰੁੱਪ ਦੇ ਕੀਟਨਾਸ਼ਕਾਂ ਦੀ ਵਰਤੋਂ ਨਾ ਕਰੋ। ਮਿਲੀਬੱਗ ਦੇ ਹਮਲੇ ਵਾਲੀਆਂ ਕਤਾਰਾਂ/ਬੂਟਿਆਂ ਤੇ ਟਰਾਂਸਫੋਰਮ 21.8 ਐਸ ਸੀ 150 ਮਿਲੀਲਿਟਰ ਦਾ ਚੰਗੀ ਤਰ੍ਹਾਂ ਛਿੜਕਾਅ ਕਰੋ। ਨਰਮੇਂ ਤੋਂ ਚੰਗਾ ਝਾੜ ਲੈਣ ਲਈ 2 ਪ੍ਰਤੀਸ਼ਤ ਪੋਟਾਸ਼ੀਅਮ ਨਾਈਟਰੇਟ 13:0:45 (2 ਕਿਲੋ ਪੋਟਾਸ਼ੀਅਮ ਨਾਈਟਰੇਟ 100 ਲਿਟਰ ਪਾਣੀ ਪ੍ਰਤੀ ਏਕੜ) ਦੇ ਚਾਰ ਛਿੜਕਾਅ ਫੁੱਲ ਨਿਕਲਣ ਵੇਲੇ ਹਫਤੇ ਦੀ ਵਿੱਥ ਤੇ ਕਰੋ। ਫਸਲ ਤੇ ਉੱਲੀ ਦੇ ਧੱਬਿਆਂ ਨੂੰ ਰੋਕਣ ਲਈ 200 ਮਿ.ਲਿ. ਐਮੀਸਟਾਰ ਟੌਪ 325 ਐਸ ਸੀ ਪ੍ਰਤੀ ਏਕੜ ਨੂੰ 200 ਲਿਟਰ ਪਾਣੀ ਵਿਚ ਪਾ ਕੇ 15 ਤੋਂ 20 ਦਿਨਾਂ ਦੇ ਵਕਫੇ ਤੇ ਛਿੜਕਾਅ ਕਰੋ।

**ਕਮਾਦ** : ਸਤੰਬਰ ਦੇ ਸ਼ੁਰੂ ਵਿੱਚ ਗੰਨਿਆਂ ਦੇ ਮੂੰਏ ਬੰਨ੍ਹ ਦਿਉ। ਵਧੀਆ ਝਾੜ ਲੈਣ ਲਈ ਖੇਤ ਨੂੰ ਵਕਤ ਸਿਰ ਪਾਣੀ ਦਿੰਦੇ ਰਹੋ। ਰੱਤਾ ਰੋਗ ਅਤੇ ਉਖੇੜਾ ਰੋਗ ਤੋਂ ਪ੍ਰਭਾਵਿਤ ਬੂਟੇ ਪੁੱਟ ਕੇ ਨਸ਼ਟ ਕਰ ਦਿਓ। ਇਹ ਕੰਮ ਹਫਤੇ ਦੇ ਵਕਫੇ ਤੇ ਕਰਦੇ ਰਹੋ। ਇਸ ਮਹੀਨੇ ਦੇ ਦੂਜੇ ਪੰਦਰਵਾੜੇ ਵਿਚ ਸੀ ਓ ਪੀ ਬੀ 95, ਸੀ ਓ ਪੀ ਬੀ 96, ਸੀ ਓ 15023, ਸੀ ਓ ਪੀ ਬੀ 92, ਸੀ ਓ. 118, ਸੀ ਓ ਜੇ 85, ਸੀ ਓ ਜੇ 64 ਦੀ ਬੀਜਾਈ ਸ਼ੁਰੂ ਕਰ ਦਿਓ। ਗੰਨੇ ਦੀ ਬਿਜਾਈ ਦੋ ਕਤਾਰੀ ਖਾਲੀ ਵਿਧੀ ਰਾਹੀਂ ਕਰਨ ਨਾਲ ਸਿੰਚਾਈ ਵਾਲੇ ਪਾਣੀ ਦੀ ਬੱਚਤ, ਫਸਲ ਦੀ ਸੌਖੀ ਬਨਾਈ ਅਤੇ ਝਾੜ ਵਿਚ ਵਾਧਾ ਹੁੰਦਾ ਹੈ। ਫਸਲ ਦੀ ਬਿਜਾਈ 2 ਕਤਾਰਾਂ ਵਿਚ ਇਕ ਫੁੱਟ ਚੌੜੀਆਂ ਅਤੇ 20-25 ਸੈਂਟੀਮੀਟਰ ਡੂੰਘੀਆਂ ਖਾਲੀਆਂ ਵਿਚ ਕਰੋ। ਇਕ ਖਾਲੀ ਤੋਂ ਦੂਸਰੀ ਖਾਲੀ ਵਿਚਕਾਰ ਫਾਸਲਾ 3 ਫੁੱਟ ਰੱਖੋ। ਇਹ ਖਾਲੀਆਂ, ਯੂਨੀਵਰਸਿਟੀ ਵੱਲੋਂ ਤਿਆਰ ਕੀਤੀ ਖਾਲੀਆਂ ਬਣਾਉਣ ਵਾਲੀ ਮਸ਼ੀਨ ਨਾਲ ਬਨਾਈਆਂ ਜਾ ਸਕਦੀਆਂ ਹਨ। ਬਰੋਟੇ (ਗੁੱਲੀਆਂ) ਖਾਲੀਆਂ ਵਿਚ ਰੱਖਣ ਤੋਂ ਬਾਅਦ ਦੋ ਖਾਲੀਆਂ ਵਿਚਕਾਰਲੀ ਮਿੱਟੀ ਨਾਲ ਢੱਕ ਦਿਓ। ਜ਼ਿਆਦਾ ਮੁਨਾਫੇ ਲਈ ਰਲਵੀਆਂ ਫਸਲਾਂ ਜਿਵੇਂ ਕਿ ਤੋਰੀਆ, ਆਲੂ, ਲਸਣ ਆਦਿ ਬੀਜ ਸਕਦੇ ਹੋ।

**ਤੇਲ ਬੀਜ** : ਇਹ ਸਮਾਂ ਤੋਰੀਆ ਬੀਜਣ ਲਈ ਬਹੁਤ ਹੀ ਢੁੱਕਵਾਂ ਹੈ। ਜੇਕਰ ਸਮੇਂ ਸਿਰ ਖੇਤ ਵਿਹਲਾ ਚਾਹੁੰਦੇ ਹੋ ਤਾਂ ਤੋਰੀਏ ਦੀਆਂ ਥੋੜ੍ਹਾ ਸਮਾਂ ਲੈਣ ਵਾਲੀਆਂ ਟੀ. ਐਲ. 17 ਜਾਂ ਟੀ. ਐਲ. 15 ਕਿਸਮਾਂ ਬੀਜੋ। ਤੋਰੀਆ ਬੀਜਣ ਸਮੇਂ ਖੇਤ ਵਿਚ 55 ਕਿਲੋ ਯੂਰੀਆ ਅਤੇ 50 ਕਿਲੋ ਸਿੰਗਲ ਸੁਪਰਫਾਸਫੇਟ ਪਾਓ। ਜੇਕਰ ਸੁਪਰਫਾਸਫੇਟ ਖਾਦ ਨਾ ਮਿਲੇ ਤਾਂ 80 ਕਿਲੋ ਜਿਪਸਮ ਪ੍ਰਤੀ ਏਕੜ ਖਾਸ ਕਰਕੇ ਗੰਧਕ ਦੀ ਘਾਟ ਵਾਲੀਆਂ ਜ਼ਮੀਨਾਂ ਵਿਚ ਨਾਈਟ੍ਰੋਜਨ ਤੇ ਫਾਸਫੋਰਸ ਵਾਲੀਆਂ ਖਾਦਾਂ ਦੇ ਨਾਲ ਜ਼ਰੂਰ ਪਾਓ। ਤੇਲ ਬੀਜਾ ਦੇ ਵਧੇਰੇ ਝਾੜ ਲੈਣ ਲਈ ਤੋਰੀਆ ਅਤੇ ਗੋਭੀ ਸਰ੍ਹੋਂ ਇਕੱਠੇ ਅੱਧ ਸਤੰਬਰ ਨੂੰ ਬੀਜ ਦਿਓ। ਬਿਜਾਈ 22.5 ਸੈਂਟੀਮੀਟਰ ਦੂਰੀ ਦੀਆਂ ਕਤਾਰਾਂ ਵਿਚ ਕਰੋ ਜਾਂ ਤੋਰੀਏ ਦਾ ਛਟਾ ਦੇ ਕੇ ਗੋਭੀ ਸਰ੍ਹੋਂ ਨੂੰ



45 ਸੈਂਟੀਮੀਟਰ ਵਿੱਥ ਦੀਆਂ ਕਤਾਰਾਂ ਤੇ ਦੋਨੋਂ ਫਸਲਾਂ ਦਾ 1-1 ਕਿਲੋ ਬੀਜ ਵਰਤੋ।

**ਬਾਗਬਾਨੀ** : ਇਹ ਸਮਾਂ ਸਦਾਬਹਾਰ ਫਲਦਾਰ ਬੂਟੇ ਜਿਵੇਂ ਅੰਬ, ਨਿੰਬੂ ਜਾਤੀ ਦੇ ਬੂਟੇ (ਕਿੰਨੂ, ਮਾਲਟਾ, ਮਿੱਠਾ ਨਿੰਬੂ, ਬਾਰਾਮਾਸੀ ਨਿੰਬੂ, ਗ੍ਰੇਪਫਰੂਟ) ਲੀਚੀ, ਆਮਲਾ, ਪਪੀਤੇ ਆਦਿ ਦੇ ਬੂਟੇ ਦਾ ਬਹੁਤ ਹੀ ਢੁੱਕਵਾਂ ਸਮਾਂ ਹੈ। ਪਰ ਇਹ ਬੂਟੇ ਛੇਤੀ ਤੋਂ ਛੇਤੀ ਲਗਾ ਦੇਣੇ ਚਾਹੀਦੇ ਹਨ ਕਿਉਂਕਿ ਫਿਰ ਤਾਪਮਾਨ ਵਿਚ ਗਿਰਾਵਟ ਹੋਣ ਨਾਲ ਪੌਦਿਆਂ ਦਾ ਵਾਧਾ ਸ਼ੁਰੂ ਨਹੀਂ ਹੁੰਦਾ। ਨਵੇਂ ਲਗਾਏ ਗਏ



ਬੂਟੇ ਬਹੁਤ ਹੀ ਕੋਮਲ ਹੁੰਦੇ ਹਨ, ਇਸ ਲਈ ਉਹ ਖਾਸ ਦੇਖ ਭਾਲ ਮੰਗਦੇ ਹਨ। ਉਨ੍ਹਾਂ ਦੀ ਕਾਂਟ-ਛਾਂਟ, ਤਣੇ ਦੀ ਸਫੈਦੀ, ਪਾਣੀ ਅਤੇ ਹੋਰ ਬੂਟੇ ਤੇ ਸੁਰੱਖਿਆ ਪ੍ਰਬੰਧਾਂ ਵੱਲ ਧਿਆਨ ਦਿਓ। ਨਿੰਬੂ ਜਾਤੀ ਤੇ ਬੂਟਿਆਂ ਵਿਚ ਸਿਟਰਸ ਸਿੱਲੇ ਦੀ ਰੋਕਥਾਮ ਲਈ 160 ਗ੍ਰਾਮ ਐਕਟਾਰਾ 25 ਡਬਲਯੂ ਜੀ ਜਾਂ 200 ਮਿ.ਲਿ. ਕਰੋਕੋਡਾਈਲ 17.8 ਐਸ ਐਲ ਦਾ 500 ਲਿਟਰ ਪਾਣੀ ਵਿਚ ਘੋਲ ਕੇ ਛਿੜਕਾਅ ਕਰਨਾ ਚਾਹੀਦਾ ਹੈ। ਟਹਿਣੀਆਂ ਦਾ ਸੁੱਕਣਾ ਅਤੇ ਫਲ ਗਲਣ ਦੀ ਰੋਕਥਾਮ ਲਈ ਨਿੰਬੂ ਜਾਤੀ ਦੇ ਬੂਟਿਆਂ ਤੇ ਬੋਰਡੋ ਮਿਸ਼ਰਣ ਦਾ ਘੋਲ 2: 2: 250 ਛਿੜਕਾਅ ਕਰੋ।

**ਸਬਜ਼ੀਆਂ** : ਸਬਜ਼ੀਆਂ ਦੀ ਸਿੰਚਾਈ ਮਾਨਸੂਨ ਦੀ ਭਵਿੱਖਬਾਣੀ ਅਨੁਸਾਰ ਕਰੋ। ਖੜੀਆਂ ਫਸਲਾਂ ਵਿਚ ਮੀਂਹ ਦਾ ਪਾਣੀ ਖੜ੍ਹਾ ਨਾ ਰਹਿਣ ਦਿਉ। ਫੁੱਲਗੋਭੀ ਦੀ ਮੁੱਖ ਸਮੇਂ ਦੀਆਂ ਕਿਸਮਾਂ ਦੀ ਪਨੀਰੀ ਖੇਤ ਵਿਚ ਲਗਾਉ। ਸਰਦੀਆਂ ਦੀ ਸਬਜ਼ੀਆਂ ਜਿਵੇਂ ਕਿ ਮੂਲੀ, ਗਾਜਰ, ਸ਼ਲਗਮ ਪਾਲਕ ਆਦਿ ਦੀ ਬਿਜਾਈ ਸ਼ੁਰੂ ਕੀਤੀ ਜਾ ਸਕਦੀ ਹੈ। ਪੰਜਾਬ ਸੁਹਾਵਨੀ, ਭਿੰਡੀ ਦੀਆਂ ਪੰਜਾਬ ਲਾਲਿਮਾ ਕਿਸਮਾਂ ਅਤੇ ਕਾਉਪੀਆ-263 ਕਿਸਮਾਂ ਦੀ ਬੀਜਾਈ ਦਾ ਇਹ ਸਹੀ ਸਮਾਂ ਹੈ। ਗੋਭੀ ਦੀਆਂ ਅਗੇਤੀਆਂ ਕਿਸਮਾਂ ਦੇ ਬੀਜਾਂ ਦੀ ਬਿਜਾਈ ਮੁੱਖ ਖੇਤ ਵਿਚ ਕੀਤੀ ਜਾ ਸਕਦੀ ਹੈ। ਭਿੰਡੀ ਅਤੇ ਵੇਲਾਂ ਵਾਲੀਆਂ ਸਬਜ਼ੀਆਂ ਦੀ ਸਿੰਚਾਈ ਮਾਨਸੂਨ ਦੀ ਭਵਿੱਖਬਾਣੀ ਅਨੁਸਾਰ ਕਰੋ। ਬੈਂਗਣ ਅਤੇ ਫੁੱਲਗੋਭੀ ਦੀ ਮੁੱਖ ਸਮੇਂ ਲਈ ਸਿਫਾਰਸ਼ ਕੀਤੀਆਂ ਕਿਸਮਾਂ ਦੀ ਪਨੀਰੀ ਮੁੱਖ ਖੇਤ ਵਿਚ ਲਗਾਓ। ਵੇਲਾਂ ਵਾਲੀਆਂ ਸਬਜ਼ੀਆਂ ਨੂੰ ਸਪੋਰਟ ਦਿਉ ਪਰ ਇਸ ਗੱਲ ਦਾ ਧਿਆਨ ਰੱਖੋ ਕਿ ਵੇਲਾਂ ਨੂੰ ਕੋਈ ਨੁਕਸਾਨ ਨਾ ਪਹੁੰਚੇ।

**ਪਸ਼ੂ ਪਾਲਣ** : ਸਾਫ ਦੁੱਧ ਦੀ ਗੁਣਵੱਤਾ ਨੂੰ ਲੰਬੇ ਸਮੇਂ ਤੱਕ ਬਣਾ ਕਰੱਖਿਆ ਜਾ ਸਕਦਾ ਹੈ ਅਤੇ ਉਸਦੀ ਸੁਰੱਖਿਅਤ ਰਹਿਣ ਦੀ ਮਿਆਦ ਵੀ ਵੱਧ ਹੁੰਦੀ ਹੈ। ਇਸ ਲਈ ਦੁੱਧ ਦੇ ਸਾਫ-ਸੁਥਰੇ ਹੋਣ ਵੱਲ ਧਿਆਨ ਦੇਣਾ ਬਹੁਤ ਜ਼ਰੂਰੀ ਹੈ, ਤਾਂ ਜੋ ਉਸਦੇ ਉਪਯੋਗ ਨਾਲ ਹੋਣ ਵਾਲੀਆਂ ਬੀਮਾਰੀਆਂ ਜਿਵੇਂ ਟਾਯਫਾਇਡ ਬੁਖਾਰ, ਸਕਾਰਲੈਟ ਫੀਵਰ, ਡਿਪਥੀਰੀਆ ਅਤੇ ਟੀ ਬੀ ਤੋਂ ਬਚਿਆ ਜਾ ਸਕੇ। ਦੁੱਧ ਵਿਚ ਜੀਵਾਣੂਆਂ ਦੇ ਸੰਕ੍ਰਮਣ ਦੇ ਲਈ ਮੁੱਖ ਤੌਰ 'ਤੇ ਪਸ਼ੂ ਦਾ ਪਿਛਲਾ ਹਿੱਸਾ ਅਤੇ ਥਣਾਂ ਦਾ ਸਾਫ ਨਾ ਹੋਣਾ, ਇਸਦੇ ਇਲਾਵਾ ਦੋਧੀ ਦੀ ਨਿਜੀ ਸਫਾਈ, ਦੁੱਧ ਚੋਣ ਦੀ ਜਗ੍ਹਾ ਅਤੇ ਦੁੱਧ ਦੇ ਬਰਤਨ ਤੇ ਉਪਕਰਨ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਇਸ ਲਈ ਦੁੱਧ ਦੀ ਸ਼ੁੱਧਤਾ ਨੂੰ ਯਕੀਨੀ ਬਨਾਉਣ ਦੇ ਲਈ ਦੁੱਧ ਵਿਚ ਹੋਣ ਵਾਲੀ ਗੰਦਗੀ ਨੂੰ ਦੁੱਧ ਉਤਪਾਦਨ ਦੇ ਪੱਧਰ ਤੇ ਹੀ ਨਿਯੰਤ੍ਰਤ ਕੀਤਾ ਜਾਣਾ ਚਾਹੀਦਾ ਹੈ।

# ਵਿਗਿਆਨੀ ਹਾਸਲ ਕਰਨਗੇ ਬਾਰਿਸ਼ ਰੋਕਣ ਦੀ ਮੁਹਾਰਤ

ਪੌਣ ਵਾਣੀ ਤਬਦੀਲੀ ਕਾਰਨ ਦੇਸ਼ 'ਚ ਕਦੇ ਭਾਰੀ ਬਾਰਿਸ਼ ਕਾਰਨ ਹੜ੍ਹ ਆ ਜਾਂਦੇ ਹਨ, ਤਾਂ ਕਦੇ ਕੁਝ ਇਲਾਕਿਆਂ 'ਚ ਬਾਰਿਸ਼ ਨਾ ਹੋਣ ਕਾਰਨ ਸੋਕੇ ਦੇ ਹਾਲਾਤ ਬਣ ਜਾਂਦੇ ਹਨ। ਕੇਂਦਰ ਸਰਕਾਰ ਨੇ ਅਜਿਹੀਆਂ ਹੀ ਸਿਖਰਲੀਆਂ ਮੌਸਮੀ ਘਟਨਾਵਾਂ ਨਾਲ ਨਜਿੱਠਣ ਲਈ ਮਿਸ਼ਨ ਮੌਸਮ ਲਾਂਚ ਕੀਤਾ ਹੈ। ਇਸ ਨਾਲ ਮੌਸਮ ਬਾਰੇ ਸਹੀ ਅਨੁਮਾਨ ਲਗਾਉਣ ਦੇ ਨਾਲ ਬਾਰਿਸ਼ ਕਰਵਾਉਣ ਤੇ ਬਾਰਿਸ਼ ਰੋਕਣ ਦੀ ਮੁਹਾਰਤ ਵੀ ਵਿਕਸਤ ਕੀਤੀ ਜਾਏਗੀ। ਮਿਸ਼ਨ ਮੌਸਮ ਤਹਿਤ ਦੇਸ਼ ਦੇ ਵਿਗਿਆਨੀ ਅਸਮਾਨੀ ਬਿਜਲੀ ਡਿੱਗਣ ਦੇ ਬੱਦਲ ਫਟਣ ਦੀਆਂ ਘਟਨਾਵਾਂ ਨੂੰ ਵੀ ਰੋਕ ਸਕਣਗੇ। ਸਰਕਾਰ ਨੇ ਮਿਸ਼ਨ ਮੌਸਮ ਦੇ ਪਹਿਲੇ ਪੜਾਅ ਲਈ 2000 ਕਰੋੜ ਰੁਪਏ ਅਲਾਟ ਕੀਤੇ ਹਨ। ਪਹਿਲਾ ਪੜਾਅ ਮਾਰਚ 2026 ਤੱਕ ਚੱਲੇਗਾ। ਦੂਜੇ ਪੜ੍ਹਾਅ 'ਚ ਨਿਗਰਾਨੀ ਦੀ ਸਮਰੱਥਾ ਵਧਾਉਣ ਲਈ ਸੈਟੇਲਾਈਟ ਤੇ ਏਅਰਕ੍ਰਾਫਟ ਦੀ ਗਿਣਤੀ ਵਧਾਈ ਜਾਏਗੀ।

ਪ੍ਰਿਥਵੀ ਵਿਗਿਆਨ ਮੰਤਰਾਲੇ ਮੁਤਾਬਕ ਵਾਯੂਮੰਡਲੀ ਪ੍ਰਕਿਰਿਆਵਾਂ ਦੀ ਜਟਿਲਤਾ ਤੇ ਮੌਜੂਦਾ ਆਬਜ਼ਰਵੇਸ਼ਨ ਤੇ ਮਾਡਲ ਰੈਜ਼ੋਲਿਊਸ਼ਨ ਦੀਆਂ ਹੱਦਾਂ ਕਾਰਨ ਮੌਸਮ ਬਾਰੇ ਅਨੁਮਾਨ ਲਗਾਉਣ ਚੁਣੌਤੀਪੂਰਨ ਹੈ। ਆਬਜ਼ਰਵੇਸ਼ਨ ਨਾਲ ਜੁੜੇ ਘੱਟ ਅੰਕੜੇ ਤੇ ਮੌਸਮ ਦੇ ਅਨੁਮਾਨ ਦਾ ਮੌਜੂਦਾ ਮਾਡਲ ਭਾਰਤ 'ਚ ਮੌਸਮੀ ਘਟਨਾਵਾਂ ਬਾਰੇ ਸਹੀ ਅਨੁਮਾਨ ਨੂੰ ਮੁਸ਼ਕਲ ਬਣਾਉਂਦਾ ਹੈ। ਉੱਥੇ, ਪੌਣ ਪਾਣੀ ਤਬਦੀਲੀ ਕਾਰਨ ਸਥਾਨਕ ਪੱਧਰ 'ਤੇ ਭਾਰੀ ਬਾਰਿਸ਼ ਤੇ ਸੋਕੇ ਦੀਆਂ ਘਟਨਾਵਾਂ ਵਧ ਰਹੀਆਂ ਹਨ। ਇਸ ਨਾਲ ਹੜ੍ਹ ਤੇ ਸੋਕੇ ਦੀਆਂ ਚੁਣੌਤੀਆਂ ਪੈਦਾ ਹੁੰਦੀਆਂ ਹਨ। ਬੱਦਲ ਫਟਣ, ਅਸਮਾਨੀ ਬਿਜਲੀ ਡਿੱਗਣ ਤੇ ਹਨੇਰੀ-ਤੂਫਾਨ ਮੌਸਮ ਨਾਲ ਜੁੜੀਆਂ ਅਜਿਹੀਆਂ ਘਟਨਾਵਾਂ ਹਨ, ਜਿਨ੍ਹਾਂ ਬਾਰੇ ਭਾਰਤ 'ਚ ਬਹੁਤ ਘੱਟ ਸਮਝ ਹੈ। ਮੰਤਰਾਲੇ ਮੁਤਾਬਕ, ਇਸ ਸਥਿਤੀ ਨਾਲ ਨਜਿੱਠਣ ਲਈ ਬੱਦਲਾਂ ਦੇ ਅੰਦਰ ਤੇ ਬਾਹਰ, ਜ਼ਮੀਨ 'ਤੇ, ਉੱਪਰੀ ਵਾਯੂਮੰਡਲ 'ਚ ਮਹਾਂਸਾਗਰਾਂ ਦੇ ਉੱਪਰ ਤੇ ਧਰੁਵੀ ਖੇਤਰਾਂ 'ਚ ਹੋਣ ਵਾਲੀ ਮੌਸਮ ਨਾਲ ਜੁੜੀ ਹਰ ਸਰਗਰਮੀ 'ਤੇ ਖੋਜ ਦੀ ਲੋੜ ਹੈ। ਇਸ ਲਈ ਹਾਈ ਫ੍ਰੀਕੁਐਂਸੀ ਆਬਜ਼ਰਵੇਸ਼ਨ ਵਾਲੀ ਤਕਨੀਕ ਦੀ ਲੋੜ ਹੈ। ਇਸ ਤੋਂ ਇਲਾਵਾ ਛੋਟੇ ਪੱਧਰ 'ਤੇ ਮੌਸਮ ਦਾ ਅਨੁਮਾਨ ਲਗਾਉਣ ਲਈ ਮੌਜੂਦਾ ਮਾਡਲ ਹਾਰੀਜ਼ਨ ਰੈਜ਼ੋਲਿਊਸ਼ਨ ਨੂੰ 12 ਕਿਲੋਮੀਟਰ ਤੋਂ ਛੇ ਕਿਲੋਮੀਟਰ ਕਰਨਾ ਪਵੇਗਾ।

### ਕੀ ਹੈ ਕਲਾਊਡ ਚੈਂਬਰ ਤੇ ਮੌਸਮ ਪ੍ਰਬੰਧਨ

ਪ੍ਰਿਥਵੀ ਵਿਗਿਆਨ ਮੰਤਰਾਲੇ ਦੇ ਸਕੱਤਰ ਐੱਮ ਰਵੀਚੰਦਰਨ ਨੇ ਕਿਹਾ ਕਿ ਮਿਸ਼ਨ ਤਹਿਤ ਵਧਦੇ ਤਾਪਮਾਨ ਦੇ ਸੰਦਰਭ 'ਚ ਬੱਦਲਾਂ 'ਚ ਹੋ ਰਹੇ ਅਧਿਐਨ ਲਈ ਇੰਡੀਅਨ ਇੰਸਟੀਚਿਊਟ ਆਫ ਮੈਟਰੋਲਾਜੀ, ਪੁਣੇ 'ਚ ਕਲਾਊਡ ਚੈਂਬਰ ਸਥਾਪਤ ਕੀਤਾ ਜਾਏਗਾ। ਉਨ੍ਹਾਂ ਕਿਹਾ ਕਿ ਅਸੀਂ ਲੈਬ 'ਚ ਨਕਲੀ ਰੂਪ ਨਾਲ ਬੱਦਲ ਬਣਾਵਾਂਗੇ ਤੇ ਖੋਜ ਕਰਾਂਗੇ। ਇਸ ਨਾਲ ਵਿਗਿਆਨੀਆਂ ਨੂੰ ਇਨਾ ਪ੍ਰਕਿਆਵਾਂ ਨੂੰ ਬਿਹਤਰ ਤਰੀਕੇ ਨਾਲ ਸਮਝਣ 'ਚ ਮਦਦ ਮਿਲੇਗੀ ਤੇ ਉਨ੍ਹਾਂ ਨੂੰ ਪਤਾ ਲੱਗੇਗਾ ਕਿ ਕਿਸੇ ਤਰ੍ਹਾਂ ਦੇ ਬੱਦਲਾਂ 'ਚ ਸੀਡਿੰਗ ਕਰ ਕੇ ਬਾਰਿਸ਼ ਕਰਾਈ ਜਾ ਸਕਦੀ ਹੈ ? ਸੀਡਿੰਗ ਲਈ ਕਿਹਾ ਜਿਹੀ ਸਮੱਗਰੀ ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ ਤੇ ਬਾਰਿਸ਼ ਵਧਾਉਣ ਜਾਂ ਬਾਰਿਸ਼ ਰੋਕਣ ਲਈ ਕਿੰਨੀ ਸੀਡਿੰਗ ਦੀ ਲੋੜ ਹੈ ? ਸੀਡਿੰਗ ਇਕ ਪ੍ਰਕਿਰਿਆ ਹੈ, ਜਿਸ ਵਿਚ ਬੱਦਲਾਂ 'ਚ ਇਕ ਖਾਸ ਸਮੱਗਰੀ ਮਿਲਾ ਕੇ ਬਾਰਿਸ਼ ਕਰਵਾਈ ਜਾਂਦੀ ਹੈ। ਰਵੀਚੰਦਰਨ ਨੇ ਦੱਸਿਆ ਕਿ ਸਾਡਾ ਟੀਚਾ ਅਗਲੇ ਪੰਜ ਸਾਲਾਂ 'ਚ ਨਕਲੀ ਤਰੀਕੇ ਨਾਲ ਬਾਰਿਸ਼ ਨੂੰ ਵਧਾਉਣ ਤੇ ਬਾਰਿਸ਼ ਨੂੰ ਕੰਟਰੋਲ ਕਰਨਾ ਹੈ। ਇਸ ਤੋਂ ਬਾਅਦ ਅਸੀਂ ਅਸਮਾਨੀ ਬਿਜਲੀ ਵਰਗੀਆਂ ਦੂਜੀਆਂ ਮੌਸਮੀ ਘਟਨਾਵਾਂ 'ਤੇ ਫੋਕਸ ਕਰਾਂਗੇ। ਮੌਸਮ ਪ੍ਰਬੰਧਨ ਦੀ ਜ਼ਰੂਰਤ ਬਾਰੇ ਪੁੱਛੇ ਜਾਣ 'ਤੇ ਰਵੀਚੰਦਰਨ ਨੇ ਕਿਹਾ ਕਿ ਦਿੱਲੀ 'ਚ ਲਗਾਤਾਰ ਬਾਰਿਸ਼ ਨਾਲ ਹੜ੍ਹ ਆ ਸਕਦਾ ਹੈ।

### ਕਲਾਊਡ ਸੀਡਿੰਗ ਤਕਨੀਕ ਦੀ ਵਰਤੋਂ

ਅਮਰੀਕਾ, ਚੀਨ, ਆਸਟ੍ਰੇਲੀਆ ਤੇ ਸੰਯੁਕਤ ਅਰਬ ਅਮੀਰਾਤ 'ਚ ਬਾਰਿਸ਼ ਕਰਵਾਉਣ ਜਾਂ ਬਾਰਿਸ਼ ਰੋਕਣ ਦੀ ਕਲਾਊਡ ਸੀਡਿੰਗ ਤਕਨੀਕ ਦੀ ਵਰਤੋਂ ਕੀਤੀ ਜਾ ਰਹੀ ਹੈ।

RNI Regd. No. PUNPUN00806

# 'ਕੁਦਰਤੀ ਸੋਮੇ ਬਚਾਓ, ਸਭ ਲਈ ਖੁਸ਼ਹਾਲੀ ਲਿਆਓ' ਦੇ ਉਦੇਸ਼ ਨਾਲ ਪੀ.ਏ.ਯੂ. ਦਾ ਦੋ ਰੋਜ਼ਾ ਕਿਸਾਨ ਮੇਲਾ ਲਗਾਇਆ ਗਿਆ

## ਪੰਜਾਬ ਖੇਤੀਬਾੜੀ ਯੂਨੀਵਰਸਿਟੀ 'ਚ ਕਿਸਾਨ ਮੇਲੇ ਮੌਕੇ ਕਿਸਾਨਾਂ ਨੇ ਖਰੀਦੇ ਬੀਜ ਤੇ ਹੋਰ ਸਾਮਾਨ

'ਕੁਦਰਤੀ ਸੋਮੇ ਬਚਾਓ, ਸਭ ਲਈ ਖੁਸ਼ਹਾਲੀ ਲਿਆਓ' ਦੇ ਉਦੇਸ਼ ਨਾਲ ਪੀ ਏ ਯੂ ਦਾ ਦੋ ਰੋਜ਼ਾ ਕਿਸਾਨ ਮੇਲਾ ਲਗਾਇਆ ਗਿਆ। ਦੂਸਰੇ ਅਤੇ ਆਖਰੀ ਦਿਨ ਵੀ ਕਿਸਾਨਾਂ ਨੇ ਪੀਏਯੂ ਦੇ ਵਿਗਿਆਨੀਆਂ ਤੋਂ ਅਹਿਮ ਜਾਣਕਾਰੀ ਹਾਸਲ ਕੀਤੀ ਅਤੇ ਬੀਜਾਂ ਦੇ ਨਾਲ-ਨਾਲ ਹੋਰ ਸਾਮਾਨ ਦੀ ਖਰੀਦਦਾਰੀ ਕੀਤੀ।

ਇਸ ਮੌਕੇ ਪੀ ਏ ਯੂ ਦੇ ਵਾਈਸ ਚਾਂਸਲਰ ਡਾ. ਸਤਿਬੀਰ ਸਿੰਘ ਗੋਂਸਲ ਨੇ ਕਿਹਾ ਕਿ ਪਾਣੀ ਅਤੇ ਵਾਤਾਵਰਨ ਨੂੰ ਬਚਾਉਣਾ ਅੱਜ ਬਹੁਤ ਜ਼ਰੂਰੀ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਘੱਟ ਰਿਹਾ ਪਾਣੀ ਦਾ ਪੱਧਰ ਅਤੇ ਘੱਟ ਰਹੀ ਉਪਜਾਊ ਸ਼ਕਤੀ ਚਿੰਤਾ ਦਾ ਵਿਸ਼ਾ ਹੈ। ਕਿਸਾਨਾਂ ਨੂੰ ਪਰਾਲੀ ਨਾ ਸਾੜਨ ਦੀ ਅਪੀਲ ਕਰਦੇ ਹੋਏ ਉਨ੍ਹਾਂ ਕਿਹਾ ਕਿ ਪਰਾਲੀ ਵਿਚ ਵੀ 33 ਫੀਸਦੀ ਅਜਿਹੇ ਤੱਤ ਹੁੰਦੇ ਹਨ ਜਿਨ੍ਹਾਂ ਦੀ ਅਹਿਮੀਅਤ ਨੂੰ ਝੂਠਲਾਇਆ ਨਹੀਂ ਜਾ ਸਕਦਾ। ਵਾਤਾਵਰਨ ਨੂੰ ਬਚਾਉਣ ਲਈ ਡਾ. ਗੋਸਲ ਨੇ ਵੱਧ ਤੋਂ ਵੱਧ ਰੁੱਖ ਲਾਉਣ ਦੀ ਗੱਲ ਆਖੀ। ਉਨ੍ਹਾਂ ਸਰਫੇਜ਼ ਸੀਡ ਮਸ਼ੀਨ ਸਬੰਧੀ ਜਾਣਕਾਰੀ ਵੀ ਦਿੱਤੀ। ਮੇਲੇ ਵਿਚ ਵੱਡੀ ਗਿਣਤੀ 'ਚ ਪੁੱਜਣ ਲਈ ਉਨ੍ਹਾਂ ਕਿਸਾਨਾਂ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਹੱਥਾਂ ਵਿਚ 10-10 ਕਿਲੋ ਦੇ ਬੂਟੇ ਫੜ ਕੇ ਪੂਰਾ ਮੇਲਾ ਵੀ ਵੇਖਿਆ। ਵੱਡੀ ਗਿਣਤੀ ਵਿਚ ਕੈਮਰਿਆਂ 'ਚ ਕੈਦ ਹੋਏ ਵਾਹਨ ਇਸ ਗੱਲ ਦਾ ਪ੍ਰਮਾਣ ਹਨ ਕਿ ਲੱਖਾਂ ਦੀ ਗਿਣਤੀ ਵਿਚ ਕਿਸਾਨਾਂ ਨੇ ਇਸ ਮੇਲੇ ਵਿਚ ਹਾਜ਼ਰੀ ਭਰੀ ਜੋ ਕਿਸਾਨਾਂ ਦੀ ਪੀ ਏ ਯੂ ਪ੍ਰਤੀ ਭਰੋਸੇਯੋਗਤਾ ਨੂੰ ਦਰਸਾਉਂਦਾ ਹੈ। ਯੂਨੀਵਰਸਿਟੀ ਨੇ ਅਜੋਕੇ ਸਮੇਂ ਦੀ ਮੰਗ ਅਨੁਸਾਰ ਸੋਸ਼ਲ ਮੀਡੀਆ ਮਾਧਿਅਮਾਂ ਰਾਹੀਂ ਵੀ ਨਵੀਨ ਜਾਣਕਾਰੀ ਕਿਸਾਨਾਂ ਤੱਕ ਪਹੁੰਚਾਉਣ ਦਾ ਉਪਰਾਲਾ ਕੀਤਾ ਹੈ। ਇਸ ਲਈ ਕਿਸਾਨਾਂ ਨੂੰ ਪੀ ਏ ਯੂ ਫੇਸਬੁੱਕ ਲਾਈਵ, ਡਿਜ਼ੀਟਲ ਅਖਬਾਰ ਖੇਤੀ ਸੰਦੇਸ਼ ਅਤੇ ਵਟਸਐਪ ਗਰੁੱਪਾਂ ਵਿਚ ਸ਼ਾਮਲ ਹੋਣ ਦੀ ਲੋੜ ਹੈ ਤਾਂ ਜੋ ਵਿਗਿਆਨਕ ਖੇਤੀ ਦੀ ਹਰ ਢੁੱਕਵੀਂ ਜਾਣਕਾਰੀ ਉਨ੍ਹਾਂ ਤੱਕ ਸਮੇਂ ਸਿਰ ਪੁੱਜਦੀ ਕੀਤੀ ਜਾ ਸਕੇ।








ਇਸ ਮੌਕੇ ਵਿਸ਼ੇਸ਼ ਮਹਿਮਾਨ ਅਤੇ ਪੀਏਯੂ ਦੇ ਸਾਬਕਾ ਵਿਦਿਆਰਥੀ ਰਾਮ ਚੰਦ ਅਤੇ ਪੀ ਏ ਯੂ ਦੇ ਕਈ ਉੱਚ ਅਧਿਕਾਰੀਆਂ ਨੇ ਵੀ ਆਪਣੇ ਵਿਚਾਰ ਕਿਸਾਨਾਂ ਨਾਲ ਸਾਂਝੇ ਕੀਤੇ। ਕਿਸਾਨ ਮੇਲੇ ਦੇ ਆਖਰੀ ਦਿਨ ਖੇਤੀ ਜਿਣਸਾਂ ਦੇ ਮੁਕਾਬਲੇ ਕਰਵਾਏ ਗਏ ਅਤੇ ਜੇਤੂਆਂ ਨੂੰ ਵਾਈਸ ਚਾਂਸਲਰ ਡਾ. ਸਤਿਬੀਰ ਸਿੰਘ ਗੋਸਲ, ਫਾਰਮਰ ਕਮਿਸ਼ਨ ਤੇ ਚੇਅਰਮੈਨ ਡਾ. ਸੁਖਪਾਲ ਸਿੰਘ, ਮਹਿਮਾਨਾਂ ਅਤੇ ਸੰਸਥਾ ਦੇ ਹੋਰ ਉੱਚ ਅਧਿਕਾਰੀਆਂ ਵੱਲੋਂ ਐਵਾਰਡ ਪ੍ਰਦਾਨ ਕਰਕੇ ਸਨਮਾਨਿਤ ਕੀਤਾ ਗਿਆ। ਮੰਚ ਦਾ ਸੰਚਾਲਨ ਅਪਰ ਨਿਰਦੇਸ਼ਕ ਸੰਚਾਰ ਡਾ. ਤੇਜਿੰਦਰ ਸਿੰਘ ਰਿਆੜ ਨੇ ਕੀਤਾ। ਇਸ ਮੌਕੇ ਗਾਇਕ ਜੋੜੀ ਹਰਬੰਸ ਰਸੀਲਾ ਅਤੇ ਰਾਜ ਗੁਲਜ਼ਾਰ ਵੱਲੋਂ ਵੱਖ-ਵੱਖ ਗੀਤਾਂ ਰਾਹੀਂ ਕਿਸਾਨਾਂ ਦਾ ਮਨੋਰੰਜਨ ਕੀਤਾ ਗਿਆ।

## ਪੀ.ਏ.ਯੂ., ਲੁਧਿਆਣਾ ਵਿਖੇ 13 ਅਤੇ 14 ਸਤੰਬਰ ਨੂੰ ਲੱਗੇ ਕਿਸਾਨ ਮੇਲੇ ਦੀਆਂ ਝਲਕੀਆਂ









